ਅਕਤੂਬਰ 2004

# ਅੰਮ੍ਰਿਤ ਕੀਰਤਨ

# Amrit Kirtan



ਆਨਰੇਰੀ ਸੰਪਾਦਕ

ਡਾ. ਜਾਗੀਰ ਸਿੰਘ

# ਅੰਮ੍ਰਿਤ ਕੀਰਤਨ

ਸੰਗੀਤ ਅਤੇ ਕੀਰਤਨ ਸਬੰਧੀ ਤ੍ਰੈਭਾਸ਼ੀ ਮਾਸਿਕ ਪੱਤਰ
ਅੰਕ 10 ◆ ਸਾਲ ਸੋਲਵਾਂ ◆ ਅਕਤੂਬਰ 2004



ਸੰਪਾਦਕ (ਆਨਰੇਰੀ)
**ਡਾ. ਜਾਗੀਰ ਸਿੰਘ**
ਐਮ.ਏ. (ਸੰਗੀਤ, ਪੰਜਾਬੀ, ਧਾਰਮਿਕ ਅਧਿਐਨ), ਪੀ.ਐਚ.ਡੀ

ਸਹਾਇਕ ਸੰਪਾਦਕ (ਆਨਰੇਰੀ)
**ਡਾ. ਗੁਰਮੀਤ ਸਿੰਘ ਬੈਦਵਾਣ**, ਐਮ.ਏ., ਪੀ.ਐਚ.ਡੀ

ਸਹਿਯੋਗੀ
**ਸ. ਹਰਭਜਨ ਸਿੰਘ ▲ ਸ. ਉੱਤਮ ਸਿੰਘ**


- ▲ ਲੇਖਾਂ ਵਿੱਚ ਪ੍ਰਗਟਾਏ ਵਿਚਾਰ ਲੇਖਕਾਂ ਦੇ ਨਿੱਜੀ ਹਨ। ਇਨ੍ਹਾਂ ਨਾਲ ਸੰਪਾਦਕ ਜਾਂ ਅੰਮ੍ਰਿਤ ਕੀਰਤਨ ਟ੍ਰਸਟ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ।
- ▲ 'ਅੰਮ੍ਰਿਤ ਕੀਰਤਨ' ਡਾਇਰੈਕਟਰ ਸਿੱਖਿਆ ਵਿਭਾਗ ਪੰਜਾਬ, ਚੰਡੀਗੜ੍ਹ ਦੇ ਪੱਤਰ ਨੰ: 4.8.90 ਮਿਤੀ 20.2.91 ਅਨੁਸਾਰ ਰਾਜ ਦੇ ਸੀਨੀਅਰ ਸੈਕੰਡਰੀ ਸਕੂਲਾਂ ਦੀਆਂ ਲਾਇਬ੍ਰੇਰੀਆਂ ਲਈ ਪ੍ਰਵਾਨਿਤ ਹੈ।
- ▲ Donations are eligible for relief u/s 80 G of Income-Tax Act, 1961 (43 of 1961) vide CIT/CHD/Tech./04-05/375 dated 30.04.2004/ 05.05.2004 valid upto 31.03.2007

**ਚੰਦੇ ਦਾ ਵੇਰਵਾ**

- ▲ ਦੇਸ਼: ਇਕ ਕਾਪੀ 15 ਰੁ., ਸਲਾਨਾ 150 ਰੁ.
  ਜੀਵਨ ਮੈਂਬਰ 1500 ਰੁ.
- ▲ ਵਿਦੇਸ਼: ਸਲਾਨਾ 30 $, ਜੀਵਨ ਮੈਂਬਰ 300 $
- ▲ 'ਅੰਮ੍ਰਿਤ ਕੀਰਤਨ' ਲਈ ਡਰਾਫਟ
  'ਅੰਮ੍ਰਿਤ ਕੀਰਤਨ ਟ੍ਰਸਟ' ਦੇ ਨਾਮ ਹੀ ਭੇਜੇ ਜਾਣ ਜੀ।


**ਚਿੱਠੀ ਪੱਤਰ ਲਈ ਪਤਾ**
ਅੰਮ੍ਰਿਤ ਕੀਰਤਨ ਟ੍ਰਸਟ (ਰਜਿ.)
1246/1, ਸੈਕਟਰ 22-ਬੀ, ਚੰਡੀਗੜ੍ਹ 160 022
ਫੋਨ : 0172-2701396, 2713915

**ਰਚਨਾਵਾਂ ਭੇਜਣ ਲਈ ਪਤਾ**
ਸੰਪਾਦਕ, 'ਅੰਮ੍ਰਿਤ ਕੀਰਤਨ'
422, ਸੈਕਟਰ 15-ਏ, ਚੰਡੀਗੜ੍ਹ 160 015
ਫੋਨ : 0172-2772660

e-mail : drjagirsingh@rediffmail.com
Website : www.amritkirtan.org



| | |
|---|---|
| **ਮਿੱਤ੍ਰ ਅਸਾਡੜੇ ਸੇਈ**<br>*ਪਾਠਕਾਂ ਦੇ ਪੱਤਰ* | 2 |
| **ਕਰਉ ਬੇਨੰਤੀਆ**<br>*ਸੰਪਾਦਕੀ* | 4 |
| **ਰਾਗ ਰੰਗੁ ਕਦੇ ਉਤਰਿ ਨ ਜਾਏ**<br>*ਭਗਵੰਤ ਸਿੰਘ ਦਲਾਵਰੀ* | 5 |
| **ਗੁਰੂ ਮਾਨਿਓ ਗ੍ਰੰਥ**<br>*ਬਬਲੀ ਐੱਸ ਸਿੰਘ* | 8 |
| **ਗੁਰਮਤਿ ਸੰਗੀਤ ਸਾਧਨਾ**<br>*ਭਾਈ ਨਿਰਮਲ ਸਿੰਘ ਖਾਲਸਾ* | 12 |
| **ਰਾਗ ਰਤਨ ਰਸਨਾ ਆਲਾਪ**<br>*ਕਰਤਾਰ ਸਿੰਘ ਨੀਲਧਾਰੀ* | 17 |
| **ਤਬਲਾ ਵਾਦਕ - ਭਾਈ ਦਰਸ਼ਨ ਸਿੰਘ ਜੀ**<br>*ਭਾਈ ਅਵਤਾਰ ਸਿੰਘ 'ਹੰਸ'* | 19 |
| **ਇਕ ਉਪਰਾਲਾ**<br>*ਕਵਲਜੀਤ ਕੌਰ* | 21 |
| **ਸੁਰ ਲਿਪੀਆਂ**<br>*ਭਾਈ ਕਸ਼ਮੀਰ ਸਿੰਘ* | 22 |
| **ਸੁਰ ਲਿਪੀ ਵਾਲੇ ਸ਼ਬਦਾਂ ਦੇ ਅਰਥ**<br>*ਮਨਮੋਹਨ ਸਿੰਘ* | 23 |



ਡਾ. ਜਾਗੀਰ ਸਿੰਘ, ਪ੍ਰਧਾਨ 'ਅੰਮ੍ਰਿਤ ਕੀਰਤਨ ਟ੍ਰਸਟ' ਨੇ ਸਿਰਜਣਾ ਪ੍ਰਿੰਟਰਜ਼ ਅਤੇ ਸਟੇਸ਼ਨਰਜ਼, ਐਸ. ਸੀ. ਐਫ. 107, ਫੇਜ਼-7, ਮੁਹਾਲੀ ਤੋਂ ਛਪਵਾ ਕੇ 422, ਸੈਕਟਰ 15-ਏ, ਚੰਡੀਗੜ੍ਹ ਤੋਂ ਪ੍ਰਕਾਸ਼ਿਤ ਕੀਤਾ।



COMPUTER TYPE SETTING
sohal specials
Designers & Printers
Phone: 0172 - 5091443

# ਮਿਤ੍ਰ ਅਸਾਡੜੇ ਸੇਈ

♦ ਆਪ ਜੀ ਦੀ ਅਮੋਲਕ ਪੁਸਤਕ 'ਕਾਵਿ ਅਤੇ ਸੰਗੀਤ: ਗੁਰਬਾਣੀ ਪਰਿਪੇਖ' ਬਾਰ-ਬਾਰ ਪੜ੍ਹਨ ਵਾਲੀ ਹੈ। ਬਹੁਤ ਮਿਹਨਤ ਅਤੇ ਸਾਧਨਾ 'ਚੋਂ ਇਹ ਪੁਸਤਕ ਨਿਕਲੀ ਹੈ। ਗੁਰਬਾਣੀ ਸਾਡਾ ਬਹੁਤ ਅਮੀਰ ਭੰਡਾਰ ਵਿਰਸਾ ਹੈ। ਸਾਹਿਤ ਪੱਖੋਂ ਅਤੇ ਸੰਗੀਤ ਪੱਖੋਂ ਅਤੇ ਅਧਿਆਤਮਕ ਕੋਣ ਤੋਂ ਵੀ। ਨਿਊਟਨ ਨੇ ਕਿਹਾ ਸੀ ਕਿ ਮੈਂ ਕੁਦਰਤ ਦੇ ਵਿਸ਼ਾਲ ਸਮੁੰਦਰ 'ਚੋਂ ਕੰਢੇ ਤੇ ਕੇਵਲ ਚਮਕੀਲੇ ਪੱਥਰ ਹੀ ਚੁਣ ਸਕਿਆ ਹਾਂ। ਬੇਅੰਤ ਭੰਡਾਰ ਦਾ ਸਮੁੰਦਰ ਵਿਚ ਹੈ ਖੋਜਣ ਵਾਲਾ। ਸਾਡਾ ਹਾਲ ਤਾਂ ਇਹ ਹੈ ਕਿ ਅਸੀਂ ਤਾਂ ਗੁਰਬਾਣੀ ਸਾਗਰ ਦੇ ਅਨੰਤ ਭੰਡਾਰ ਕੋਲ ਪੱਥਰ ਵੱਟੇ ਵੀ ਨਹੀਂ ਚੁਣ ਸਕੇ। ਅਸੀਂ ਜਲੂਸਾਂ ਦੇ ਐਕਸਪਰਟ ਹੋ ਗਏ ਹਾਂ ਪਰ ਤ੍ਰਾਸਦੀ ਇਹ ਹੈ ਕਿ ਇਕੋ ਇਕ ਮੁਹਾਰਤ ਜਲੂਸ ਤੇ ਮਾਰਚ ਰਹਿ ਗਏ ਹਨ। ਪਿਓ ਦਾਦੇ ਦਾ ਖਜ਼ਾਨਾ ਆਪ ਹੀ ਅਸੀਂ ਖੋਹਲ ਕੇ ਨਹੀਂ ਡਿੱਠਾ ਤਾਂ ਦੁਨੀਆਂ ਨੂੰ ਕੀ ਵਿਖਾ ਸਕਦੇ ਹਾਂ। ਤੁਹਾਡਾ ਉਦਮ/ਯਤਨ ਬਹੁਤ ਫ਼ਖ਼ਰ ਯੋਗ ਅਤੇ ਉਪਮਾ ਯੋਗ ਹੈ। ਜਿਵੇਂ ਤੁਸਾਂ ਗੁਰਬਾਣੀ ਅਤੇ ਸੰਗੀਤ ਦੇ ਅੰਤਰ ਸੰਬੰਧਤ ਸੰਦਰਭਾਂ ਦੀਆਂ ਘੁੰਡੀਆਂ ਖੋਹਲੀਆਂ ਹਨ ਪੜ੍ਹ ਕੇ ਮਨ ਅੱਸ਼ ਅੱਸ਼ ਕਰ ਉਠਿਆ ਹੈ। ਪ੍ਰਚਲਤ ਅਤੇ ਚਰਚਿਤ ਸਿਖ ਸੰਗੀਤਕਾਰ, ਰਾਗੀ ਅਵਲ ਤਾਂ ਰਾਗ ਤੋਂ ਕੋਰੇ ਹਨ ਜੇ ਕੁਝ ਜਾਣਦੇ ਹਨ ਤਾਂ ਵਿਆਖਿਆ ਤੋਂ ਅਸਮਰਥ, ਫੇਰ ਲਿਖਣ ਦਾ ਸੁਆਲ ਹੀ ਪੈਦਾ ਹੁੰਦਾ। ਜੋ ਸੰਗੀਤ ਤੇ ਲਿਖਣ ਵਾਲੇ ਹਨ ਉਹ ਸੰਗੀਤ ਦੇ ਅਮਲੀ ਅਨੁਭਵ ਅਭਿਆਸ ਤੋਂ ਕੋਰੇ ਹਨ। ਤੁਹਾਡੇ ਦੇ ਸਤਿਗੁਰਾਂ ਦੀ ਮਿਹਰ ਹੈ ਤੁਸਾਂ ਨੂੰ ਅਨੁਭਵ ਵੀ ਹੈ ਅਤੇ ਅਭਿਵਿਅਕਤੀ ਵੀ ਹੈ। ਤੁਹਾਡਾ ਪਰਚਾ 'ਅੰਮ੍ਰਿਤ ਕੀਰਤਨ' ਵੀ ਇਸ ਗੱਲ ਦਾ ਪ੍ਰਮਾਣ ਹੈ। ਤੁਹਾਡੀ ਕਲਮ ਅਤੇ ਸ਼ੁਧ ਹਿਰਦੇ ਨੂੰ ਮੇਰਾ ਬਾਰ ਬਾਰ ਪ੍ਰਣਾਮ ਹੈ।

*- ਜਗਦੀਸ਼ ਸਿੰਘ ਵਰਿਆਮ,*

*ਸੰਪਾਦਕ 'ਵਰਿਆਮ', ਲਾਡੋਵਾਲੀ ਰੋਡ, ਜਲੰਧਰ*

♦ ਮੈਂ ਆਪ ਜੀ ਦੀਆਂ ਦੋਵੇਂ ਕਿਤਾਬਾਂ ਨੂੰ ਬੜੇ ਧਿਆਨ ਨਾਲ ਪੜ੍ਹਿਆ ਹੈ, ਵਾਚਿਆ ਹੈ ਤੇ ਮੈਂ ਆਪ ਜੀ ਦੀ ਕੀਤੀ ਮਿਹਨਤ ਨੂੰ ਸਕਾਰਤ ਸਮਝਦਾ ਹਾਂ। ਆਪ ਜੀ ਦੀ 'ਫਰੀਦ-ਬਾਣੀ' ਤੇ 'ਸੰਗੀਤਕ-ਪਰਿਪੇਖ' ਸੱਚ-ਮੁੱਚ ਹੀ ਸ਼ਲਾਘਾ ਯੋਗ ਹਨ। ਫਰੀਦ ਜੀ ਦੇ ਇਤਿਹਾਸਕ ਪੱਖ 'ਤੇ ਆਪ ਜੀ ਨੇ ਬਹੁਤ ਚੰਗਾ ਚਾਨਣਾ ਪਾਇਆ ਹੈ ਅਤੇ ਕਈ ਗੱਲਾਂ ਅਜਿਹੀਆਂ ਹਨ ਜੋ ਆਮ ਪੰਜਾਬੀ-ਪੁਸਤਕਾਂ ਵਿਚ ਨਹੀਂ ਮਿਲਦੀਆਂ। ਕਾਵਿ ਅਤੇ ਸੰਗੀਤ ਦਾ ਮੇਲ ਸਾਹਿਤਕ-ਪੱਖ ਤੋਂ ਬਹੁਤ ਪੁਰਾਣਾ ਹੈ। ਗੁਰੂ ਸਾਹਿਬਾਨਾਂ ਨੇ ਕਾਵਿ ਤੇ ਸੰਗੀਤ ਦਾ ਮੇਲ ਮਨੁੱਖ ਦੀ ਆਤਮਾ ਨੂੰ ਉੱਚਾ (ਪਵਿੱਤਰ) ਕਰਨ ਲਈ ਵਰਤਿਆ ਹੈ।

ਭਾਂਵੇਂ ਮੈਨੂੰ ਪੰਜਾਬੀ-ਸਾਹਿਤ ਦਾ ਬਹੁਤਾ ਅਧਿਐਨ ਕਰਨ ਦਾ ਅਵਸਰ ਪ੍ਰਾਪਤ ਨਹੀਂ ਹੋ ਸਕਿਆ ਪਰ ਫਿਰ ਵੀ ਮੈਂ ਕਹਿ ਸਕਦਾ ਹਾਂ ਕਿ ਆਪ ਜੀ ਦੀਆਂ ਦੋਵੇਂ ਪੁਸਤਕਾਂ, ਸਾਹਿਤ ਦੇ ਵਿਦਿਆਰਥੀਆਂ, ਖੋਜਕਾਰਾਂ ਲਈ ਪੱਖ-ਪ੍ਰਦਸ਼ਕ ਹੋਣਗੀਆਂ। ਇਹਨਾਂ ਵਿਚ ਦਿੱਤੀ ਜਾਣਕਾਰੀ ਬਹੁਤ ਲਾਹੇਵੰਦ ਹੈ।

ਮੇਰੀ ਅਰਦਾਸ ਹੈ ਕਿ ਆਪ ਜੀ ਨੂੰ ਹੋਰ ਸਮਰੱਥਾ ਅਤੇ ਸ਼ਕਤੀ ਦੀ ਬਖ਼ਸ਼ਸ਼ ਹੋਵੇ ਅਤੇ ਆਪ ਗੁਰਬਾਣੀ-ਗਾਇਣ ਤੇ ਮਾਂ ਬੋਲੀ ਸਾਹਿਤ ਦੀ ਇਵੇਂ ਹੀ ਸੇਵਾ ਕਰਦੇ ਰਹੋ।

*- ਡਾ. ਕਿਰਪਾਲ ਸਿੰਘ,*

*1288, ਸੈਕਟਰ 15-ਬੀ, ਚੰਡੀਗੜ੍ਹ*

♦ "Kav ate (Kavita) Sangeet" is one of the best illistration of gurbani based on the Raga's. It would be of great benefit to Poets, Ragi's and above all Kirtan listners, all over the world. Heartiest congratulations.

***- L. S. Bahl***

*A-184, Okhla Ind. Area, Ph-I, New Delhi*

♦ ਸਤਿਕਾਰ ਯੋਗ ਡਾ. ਜਗੀਰ ਸਿੰਘ ਜੀ ਦੀ ਪ੍ਰੇਰਨਾ ਅਤੇ ਹੌਸਲਾ ਅਫਜਾਈ ਸਦਕਾ ਅੰਮ੍ਰਿਤ ਕੀਰਤਨ ਲਈ ਗੁਰਮਤਿ ਸੰਗੀਤ ਸਬੰਧੀ ਅਤੇ ਵਿਸ਼ੇਸ਼ਕਰ ਤਬਲੇ ਬਾਰੇ ਦਾਸ ਲਿਖਦਾ ਰਹਿੰਦਾ ਹੈ। ਜੋ ਛਪ ਕੇ ਪਾਠਕਾਂ ਤੱਕ ਪਾਠਕ। ਮੈ ਕਦੇ ਇਹ ਨਹੀ ਸੀ ਸੋਚਿਆ ਕਿ ਕੋਈ ਰਚਨਾ ਪਾਠਕ ਤੋਂ ਲੇਖਕ ਤਕ ਦਾ ਸਫਰ ਕਰੇਗਾ।

ਪਿਛਲੇ ਦਿਨੀ ਬੰਬਈ ਨਿਵਾਸੀ ਡਾ. ਗੋਸਲ ਜੋ ਕਿ ਪਿੰਡ ਬਡਰੁੱਖਾਂ (ਸੰਗਰੂਰ) ਵਿਚ ਸ. ਲਾਲ ਸਿੰਘ ਸਰਪੰਚ ਦੇ ਘਰ ਜਨਮੇ, ਹਾਇਰ ਸਕੈਂਡਰੀ ਤਕ ਸੀਨੀਅਰ ਸਕੈਂਡਰੀ

ਸਕੂਲ ਮਸਤੂਆਣਾ ਸਾਹਿਬ ਵਿਖੇ ਪੜ੍ਹੇ। ਮਸਤੂਆਣਾ ਸਾਹਿਬ ਵਿਖੇ ਬਹੁਤ ਪੁਰਾਣਾ ਸੰਗੀਤ ਵਿਦਿਆਲਾ ਹੈ ਜਿਸ ਵਿਚ ਉਨੀ ਦਿਨੀ ਭਾਈ ਜਸਵੰਤ ਸਿੰਘ ਤੀਬਰ ਸਿਖਾਇਆ ਕਰਦੇ ਸਨ। ਸਕੂਲੀ ਪੜ੍ਹਾਈ ਦੇ ਨਾਲ-ਨਾਲ ਗਿਆਨੀ ਰਾਮ ਸਿੰਘ ਜੀ ਪਾਠ ਅਤੇ ਗੁਰਮਤਿ ਦੀ ਸਿੱਖਿਆ ਵੀ ਦਿਆ ਕਰਦੇ ਸਨ ਅਤੇ ਸੰਗੀਤ ਦੀ ਵੀ। ਇਸ ਤਰ੍ਹਾਂ ਬਚਪਨ ਵਿਚ ਹੀ ਗੁਰਮਤਿ ਸੰਗੀਤ ਦੇ ਸੰਸਕਾਰ ਬਣ ਗਏ। ਉਸ ਤੋਂ ਬਾਅਦ ਏਅਰ ਫੋਰਸ ਵਿਚ ਚਲੇ ਗਏ। ਭਾਵੇਂ ਕੁਵੈਤ ਦਾ ਔਖਾ ਸਮਾਂ ਜਾਂ ਜਹਾਜ ਤੇ ਅਸਮਾਨ ਵਿਚ ਉਲਟ ਬਾਜੀਆਂ ਹੋਣ। ਸਦਾ ਗਾਉਂਦੇ ਰਹਿਣਾ "ਹਰਿ ਕਾ ਨਾਮ ਰਿਦੇ ਨਿਤ ਧਿਆਈ" ਗਲਾ ਸੁਰੀਲਾ ਸੀ ਸਾਥੀ ਪੁੱਛਦੇ ਯਾਰ ਤੇਰਾ ਗੀਤ ਸਮਝ ਨਹੀਂ ਆਉਂਦਾ ਟਿਊਨ ਬਹੁਤ ਵਧੀਆ ਹੈ ਜਦੋਂ ਸੁਣਦੇ ਹਾਂ ਤੂੰ ਇਹ ਹੀ ਗਾਉਂਦਾ ਹੈ।

ਏਅਰ ਫੋਰਸ ਤੋਂ ਬਾਦ ਮੈਡੀਕਲ ਦੀ ਸਟੱਡੀ ਕੀਤੀ ਗੁਰੂ ਕ੍ਰਿਪਾ ਸਦਕਾ ਅੱਜ ਡਿਗਰੀਆਂ ਨਾਲ ਝੋਲੀ ਭਰੀ ਹੋਈ ਹੈ ਅਤੇ ਮਨੁਖਤਾ ਦੀ ਹਿਰਦੇ ਰੋਗ ਬਿਨਾਂ ਬਾਈ ਪਾਸ ਸਰਜਰੀ, ਦਿਲ ਦੇ ਰੋਗ, ਅਤੇ ਮਨੋਰੋਗ ਦੇ ਮਾਹਰ ਹਨ। ਗੁਰਦੁਆਰਾ ਸਾਹਿਬ ਖਾਰ ਬੰਬਈ ਦੇ ਮੈਡੀਕਲ ਅਫਸਰ, ਸੰਤ ਅਤਰ ਸਿੰਘ ਇੰਸਟੀਚੀਊਟ ਆਫ ਅਲਟਰਨੇਟਿਵ ਮੈਡੀਸਨ ਬੰਬਈ ਦੇ ਡਾਇਰੈਕਟਰ ਅਤੇ ਵੈਸਟ ਬੰਬਈ ਵਿਖੇ ਆਪਣੇ ਹਸਪਤਾਲ ਰਾਹੀਂ ਦੁਖੀਆਂ ਦੀ ਸੇਵਾ ਕਰ ਰਹੇ ਹਨ। ਪਰਿਵਾਰ ਵਿਚ ਪਤਨੀ ਬੀਬੀ ਮਨਜੀਤ ਕੌਰ ਅਤੇ ਇਕ ਬੇਟੀ ਹੈ। ਸਾਰਾ ਪਰਿਵਾਰ ਗੁਰਮਤਿ ਸੰਗੀਤ ਨਾਲ ਜੁੜਿਆ ਹੈ। ਅੰਮ੍ਰਿਤ ਕੀਰਤਨ ਨਿਰੰਤਰ ਪੜ੍ਹਦੇ ਹਨ। ਪਿਛਲੇ ਦਿਨੀ ਸੰਗਰੂਰ ਆਏ ਜਦ ਸੁਨਾਮੀ ਗੇਟ ਆਏ ਤਾਂ ਆਪਣੇ ਭਾਈ ਸਾਹਿਬ ਨੂੰ ਕਹਿਣ ਲਗੇ ਇਥੇ ਗੁਰਜੰਤ ਸਿੰਘ ਰਾਹੀ ਰਹਿੰਦੇ ਹਨ ਉਨ੍ਹਾਂ ਨੂੰ ਮਿਲਣੈ। ਮੇਰਾ ਪਤਾ ਉਨ੍ਹਾਂ ਨੂੰ ਯਾਦ ਸੀ। ਜਾ ਕੇ ਪਤਾ ਲੱਗਿਆ ਕਿ ਇਹ ਐਡਰੈਸ ਬਦਲ ਗਿਆ ਹੈ। ਉਥੋ ਤਿੰਨ ਕਿਲੋਮੀਟਰ ਦੂਰ ਸ਼ਹਿਰੋਂ ਬਾਹਰ ਮੇਰੀ ਨਵੀਂ ਰਿਹਾਇਸ਼ ਤੇ ਆਏ ਅਤੇ ਮੇਰੇ ਬਾਰੇ ਪੁੱਛਿਆ ਤੇ ਆਪਣੇ ਬਾਰੇ ਦੱਸਿਆ। ਮੈਂ ਡਿਊਟੀ ਤੇ ਗਿਆ ਹੋਇਆ ਸੀ ਘਰੇ ਆਪਣਾ ਕੰਡਕਟ ਨੰਬਰ ਦੇ ਗਏ। ਮੈਂ ਜਦ ਆਇਆ ਤਾਂ ਫੋਨ ਕੀਤਾ ਤਾਂ ਥੋੜ੍ਹੇ ਸਮੇ ਵਿਚ ਹੀ ਘਰ ਆ ਗਏ। ਫਤਿਹ ਸਾਂਝੀ ਕਰਨ ਤੋਂ ਬਾਦ ਇਉਂ ਲੱਗਿਆ ਜਿਵੇਂ ਅਸੀਂ ਬਹੁਤ ਸਮੇਂ ਤੋਂ ਜਾਣਦੇ ਹੋਈਏ। ਅੰਮ੍ਰਿਤ ਕੀਰਤਨ ਦੀਆਂ ਸਾਰੀਆਂ ਰਚਨਾਵਾਂ ਬਾਰੇ ਚਰਚਾ ਕੀਤੀ। ਡਾ. ਸਾਹਿਬ ਦੇ "ਮਿਤ੍ਰ ਅਸਾਡੜੇ ਸੇਈ" ਮਿੱਤਰਾਂ ਦਾ ਜ਼ਿਕਰ ਕੀਤਾ। ਭਗਵੰਤ ਸਿੰਘ ਦਿਲਾਵਰੀ ਜੀ ਬਾਰੇ ਬਹੁਤ ਕੁਝ ਦੱਸਿਆ। ਸਾਰੀਆਂ ਰਾਗਾਂ ਦੀਆਂ ਬੰਦਸ਼ਾਂ ਬਾਰੇ ਕਹਿਣ ਲੱਗੇ। ਮੈਂ ਸਾਰੀਆਂ ਹਰਮੋਨੀਅਮ ਤੇ ਕੱਢ ਲਈਆਂ ਹਨ। ਪਰ ਮੈਂ ਗਾਉਂਦਾ ਨਹੀਂ। ਸਮੇਂ ਦੀ ਘਾਟ ਹੈ। ਅਗਲੇ ਦਿਨ ਫਿਰ ਸ਼ਾਮ ਨੂੰ ਮੁਲਾਕਾਤ ਹੋਈ ਜਿਸ ਵਿਚ ਦੱਸਿਆ ਕਿ ਅੱਜ ਕੀਰਤਨ ਸ਼ੈਲੀ ਵਿਚ ਸੁਗਮ ਸੰਗੀਤ ਭਾਰੂ ਹੋ ਰਿਹਾ ਹੈ। ਜਿਸ ਕਰਕੇ ਕੀਰਤਨ ਸੁਰਤ ਨੂੰ ਸ਼ਬਦ ਨਾਲ ਜੋੜਨ ਵਿਚ ਸਹਾਈ ਨਹੀਂ ਹੋ ਰਿਹਾ। ਕੀਰਤਨ ਦੀ ਪੁਰਾਤਨ ਸ਼ੈਲੀ ਨੂੰ ਜੀਵਤ ਰੱਖਿਆ ਜਾਵੇ। ਪੜ੍ਹੇ ਲਿਖੇ ਨੌਜਵਾਨ ਗੁਰਮਤਿ ਤੋਂ ਤਾਂ ਹੀ ਪ੍ਰਭਾਵਿਤ ਹੋ ਸਕਣਗੇ ਜੇ ਸਾਡੇ ਪ੍ਰਚਾਰਕ ਕਥਾ ਵਾਚਕ ਅਤੇ ਗਿਆਨੀ ਅਜੋਕੇ ਗਿਆਨ ਨਾਲ ਭਰਪੂਰ ਹੋਣਗੇ। ਡਾ. ਗੋਸਲ ਨੂੰ ਡਾ. ਜਗੀਰ ਸਿੰਘ ਜੀ ਦੇ ਦਰਸ਼ਨ ਕਰਨ ਦੀ ਇੱਛਾ ਸੀ ਪਰ ਸਮੇਂ ਦੀ ਘਾਟ ਸੀ ਅਗਲੀ ਸਵੇਰ ਹੀ ਉਨ੍ਹਾਂ ਦੀ ਫਲਾਈਟ ਸੀ ਫਤਹਿ ਬੁਲਾ ਕੇ ਦੁਬਾਰਾ ਮਿਲਣ ਦੀ ਆਸ ਤੇ ਚਲੇ ਗਏ ਆਪਣੇ ਸ਼ਹਿਰ ਬੰਬਈ।

*- ਗੁਰਜੰਤ ਸਿੰਘ ਰਾਹੀ,*

*ਗੁਰਮਤਿ ਸੰਗੀਤ ਵਿਦਿਆਲਾ, ਗਿਆਨੀ ਦਿੱਤ ਸਿੰਘ ਕਲੋਨੀ, ਨਨਕਿਆਣਾ ਸਾਹਿਬ ਰੋਡ, ਸੰਗਰੂਰ*

## ਕਰਉ ਬੇਨੰਤੀਆ

### ਪਾਤੀ ਤੋਰੈ ਮਾਲਿਨੀ

ਭਗਤ ਕਬੀਰ ਜੀ ਦਾ ਸ਼ਬਦ 'ਪਾਤੀ ਤੋਰੈ ਮਾਲਿਨੀ' ਭਾਈ ਬਖਸ਼ੀਸ਼ ਸਿੰਘ ਜੀ ਅਕਸਰ ਗਾਇਆ ਕਰਦੇ ਸਨ। ਇਹ ਸ਼ਬਦ ਆਮ ਸੰਗਤਾਂ ਵਿਚ ਹਰਮਨ ਪਿਆਰਾ ਸੀ। ਸਰੋਤੇ ਇਸ ਦੀ ਫਰਮਾਇਸ਼ ਵੀ ਕਰਦੇ ਸਨ। ਭਾਈ ਬਖਸ਼ੀਸ਼ ਸਿੰਘ ਇਸ ਨੂੰ ਦਰੁੱਤ ਲੈਅ ਵਿਚ ਜਦੋਂ ਗਾਉਂਦੇ ਤਾਂ ਸਰੋਤੇ ਚਮਤਕਰਿਤ ਅਵਸਥਾ ਵਿਚ ਵਾਹ ਵਾਹ ਕਰਦੇ ਸਨ। ਮੈਂ ਵੀ ਦੋ-ਢਾਈ ਸਾਲ ਭਾਈ ਸਾਹਿਬ ਨਾਲ ਸਹਾਇਕ ਰਾਗੀ ਦੇ ਤੌਰ 'ਤੇ ਕੀਰਤਨ ਕਰਦਾ ਰਿਹਾ ਹਾਂ। ਉਦੋਂ ਇਸ ਸ਼ਬਦ ਦੇ ਅਰਥ ਭਾਵ ਬਹੁਤੇ ਸਮਝ ਨਹੀਂ ਸੀ ਆਉਂਦੇ।

ਪਿੱਛੇ ਜਿਹੇ ਮੁਹਾਲੀ ਵਿਖੇ ਪੰਜਾਬ ਸਕੂਲ ਸਿੱਖਿਆ ਬੋਰਡ ਵਿਚ 'ਵਾਤਾਵਰਨ ਸਿੱਖਿਆ' ਬਾਰੇ ਇਕ ਸੈਮੀਨਾਰ ਹੋਇਆ। ਪਤਾ ਲੱਗਾ ਕਿ ਮਨੁੱਖ ਨੇ ਮੁਨਾਫਾ ਕਮਾਉਣ ਦੇ ਪੱਖੋਂ ਕੁਦਰਤ ਦੇ ਨਿਜ਼ਾਮ ਨੂੰ ਪਲੀਤ ਕਰ ਦਿੱਤਾ ਹੈ। ਉਹਨੇ ਜੰਗਲ ਕੱਟ-ਕੱਟ ਕੇ ਧਰਤੀ ਨੂੰ ਗੰਜਾ ਕਰ ਦਿੱਤਾ ਹੈ। ਖੇਤਾਂ ਵਿਚ ਕੇਵਲ ਝੋਨਾ ਲਾ ਲਾ ਧਰਤੀ ਨੂੰ ਪਿਆਸਾ ਕਰ ਦਿੱਤਾ ਹੈ। ਇਸ ਬਾਰੇ ਚੇਤੰਨ ਕਰਨ ਲਈ 'ਸੁਪਰੀਮ ਕੋਰਟ' ਨੂੰ ਇਕ ਫੈਸਲਾ ਦੇਣਾ ਪਿਆ ਕਿ ਸਾਰੇ ਭਾਰਤ ਦੇ ਸਕੂਲ-ਕਾਲਜ ਵਾਤਾਵਰਨ ਸਿੱਖਿਆ ਲਾਜ਼ਮੀ ਤੌਰ ਤੇ ਆਪਣੇ ਵਿਦਿਆਰਥੀਆਂ ਨੂੰ ਦੇਣ। ਉਸ ਸੈਮੀਨਾਰ ਵਿਚ ਬੈਠਿਆਂ ਧਿਆਨ ਆਇਆ ਕਿ ਗੁਰਬਾਣੀ ਨੇ ਰੁਖਾਂ ਦੀ ਮਹਤਤਾ ਲਈ ਤਾਂ ਬੜੇ ਮਹੱਤਵਪੂਰਨ ਆਦੇਸ਼ ਦਿੱਤੇ ਹਨ। ਬੜੇ ਪਿਆਰ ਨਾਲ ਵਾਤਾਵਰਨ ਬਾਰੇ ਜ਼ਿਕਰ ਕੀਤਾ ਹੋਇਆ ਹੈ।

*ਸਾ ਧਰਤਿ ਭਈ ਹਰੀਆਵਲੀ*
*ਜਿਥੈ ਮੇਰਾ ਸਤਿਗੁਰੁ ਬੈਠਾ ਆਇ।*
*ਸੇ ਜੰਤ ਭਏ ਹਰੀਆਵਲੇ*
*ਜਿਨੀ ਮੇਰਾ ਸਤਿਗੁਰੁ ਦੇਖਿਆ ਜਾਇ।*
\- - - - - - - - - - - -
*ਬਲਿਹਾਰੀ ਕੁਦਰਤਿ ਵਸਿਆ -।*
\- - - - - - - - - - - -
*ਬਰਸੈ ਮੇਘੁ ਸਖੀ ਘਰਿ ਪਾਹੁਨ ਆਏ।*
\- - - - - - - - - - - -
*ਬਰਸੁ ਘਨਾ ਮੇਰਾ ਮਨੁ ਭੀਨਾ*
\- - - - - - - - - - - -
*ਦਰਵੇਸਾਂ ਨੋ ਲੋੜੀਐ ਰੁਖਾਂ ਦੀ ਜੀਰਾਂਦਿ।*
\- - - - - - - - - - - -
*ਬਨਿ ਤਿਨਿ ਪਰਬਤਿ ਹੈ ਪਾਰਬ੍ਰਹਮੁ।*
\- - - - - - - - - - - -
*ਕਰਮ ਪੇਡੁ ਸਾਖਾ ਹਰੀ ਧਰਮੁ ਫੁਲੁ ਫਲੁ ਗਿਆਨੁ।*
\- - - - - - - - - - - -

ਇਸ ਦੇ ਨਾਲ ਹੀ ਯਾਦ ਆਇਆ ਕਬੀਰ ਜੀ ਦਾ ਬੜਾ ਭਾਵ ਪੂਰਤ ਸ਼ਬਦ :

ਮਾਲਣ ਭਗਵਾਨ ਦੀ ਮੂਰਤੀ ਦੀ ਪੂਜਾ ਕਰਨ ਲਈ ਬਗੀਚੇ ਵਿਚੋਂ ਫੁਲ ਪਤੀਆਂ ਤੋੜ ਰਹੀ ਹੈ ਤੇ ਕਬੀਰ ਜੀ ਉਸ ਨੂੰ ਸਮਝਾ ਰਹੇ ਹਨ। ਇਹ ਪਤੀ ਪਤੀ ਤਾਂ ਜੀਉਂਦੀ ਹੈ ਤੂੰ ਇਹਨਾਂ ਫੁਲ-ਪਤੀਆਂ ਨੂੰ ਬੇਜਾਨ ਪੱਥਰ ਦੀ ਮੂਰਤੀ ਅੱਗੇ ਅਰਪਨ ਕਰਨ ਲਈ ਕਿਉਂ ਲਿਜਾ ਰਹੀ ਹੈ।

ਇਹ ਪੱਤੀਆਂ ਬ੍ਰਹਮਾ ਹਨ, ਡਾਲੀ ਵਿਸ਼ਨੂ ਹੈ ਅਤੇ ਫੁੱਲ ਸ਼ੰਕਰ ਹਨ- ਤੂੰ ਇਹਨਾਂ ਤਿੰਨ ਦੇਵਤਿਆਂ ਨੂੰ ਤੋੜ ਕੇ ਕਿਸ ਦੀ ਪੂਜਾ ਕਰ ਰਹੀ ਹੈ। ਇਹਨਾਂ ਸੰਦਰਭਾਂ ਵਿਚ ਵਾਚਿਆਂ ਇਸ ਸ਼ਬਦ ਦਾ ਅਰਥ ਭਾਵ ਹੋਰ ਡੂੰਘਾ ਅਤੇ ਅਜੋਕੇ ਜੁਗ ਲਈ ਇਕ ਮਹਾਨ ਸੰਦੇਸ਼ ਜਾਪਣ ਲੱਗਾ।

*ਪਾਤੀ ਤੋਰੈ ਮਾਲਿਨੀ ਪਾਤੀ ਪਾਤੀ ਜੀਉ॥*
*ਜਿਸੁ ਪਾਹਨ ਕਉ ਪਾਤੀ*
*ਤੋਰੈ ਸੋ ਪਾਹਨ ਨਿਰਜੀਉ॥੧॥*
*ਭੂਲੀ ਮਾਲਨੀ ਹੈ ਏਉ।*
*ਸਤਿਗੁਰੁ ਜਾਗਤਾ ਹੈ ਦੇਉ॥ ਰਹਾਉ।*
*ਬ੍ਰਹਮੁ ਪਾਤੀ ਬਿਸਨੁ ਡਾਰੀ ਫੂਲ ਸੰਕਰ ਦੇਉ।*
*ਤੀਨਿ ਦੇਵ ਪ੍ਰਤਖਿ ਤੋਰਹਿ ਕਰਹਿ ਕਿਸ ਕੀ ਸੇਉ॥*

ਗੁਰਬਾਣੀ ਦੇ ਸੰਦੇਸ਼ ਨੂੰ ਸਮਝਣ, ਸਮਝਾਉਣ ਅਤੇ ਪ੍ਰਚਾਰਨ ਦੀ ਲੋੜ ਪਹਿਲਾਂ ਨਾਲੋਂ ਕਿਤੇ ਵਧੇਰੇ ਹੁਣ ਹੈ।

ਆਓ ਜਤਨ ਕਰੀਏ।

# ਰਾਮ ਰੰਗੁ ਕਦੇ ਉਤਰਿ ਨ ਜਾਇ

ਭਗਵੰਤ ਸਿੰਘ ਦਲਾਵਰੀ : ਅਮਰਾਵਤੀ 444 602 (ਮਹਾਰਾਸ਼ਟਰਾ)

ਜਦੋਂ 1970 ਵਿਚ ਗੁਰੂ ਨੇ ਕਿਰਪਾ ਕਰਕੇ ਮੇਰੇ ਅਉਗੁਣ ਨਾ ਚਿਤਾਰਦਿਆਂ ਮੈਨੂੰ ਆਪਣੇ ਚਰਨਾਂ ਦੇ ਆਸ਼ਰਮ ਵਿਚ ਥਾਂ ਦੇ ਦਿੱਤੀ ਤਾਂ ਮੈਂ ਇੰਜ ਮਹਿਸੂਸ ਕਰਨ ਲੱਗਾ ਕਿ ਮੈਂ ਹੁਣ ਨਾ ਤਾਂ ਆਪਣੀ ਮਨਮਤਿ ਵਿਚ ਜੀਣ ਲਈ ਆਜ਼ਾਦ ਹਾਂ ਤੇ ਨਾ ਹੀ ਮੈਂ ਗੁਰੂ ਚਰਨਾਂ ਦੇ ਆਸ਼ਰਮ ਵਿਚ ਰਹਿ ਕੇ ਕਦੇ ਵੀ ਗੁਰਮਤਿ ਦੀ ਗੁਲਾਮੀ ਤੋਂ ਆਜ਼ਾਦ ਹੋ ਸਕਦਾ ਹਾਂ। ਨਤੀਜਾ ਇਹ ਹੋਇਆ ਕਿ 1970 ਤੋਂ 1973 ਬਕਾਇਦਾ ਅੰਮ੍ਰਿਤ ਵੇਲੇ ਦਾ ਸਤਿਸੰਗ ਲਾਜਪਤ ਨਗਰ (ਨਵੀਂ ਦਿੱਲੀ) ਦੇ ਗੁਰਦੁਆਰੇ ਵਿਚ ਮਾਣਦਿਆਂ ਸ. ਸੁਮੇਰ ਸ਼ਾਹ ਸਿੰਘ ਇਕ ਪੁਲੀਸ ਅਫਸਰ ਦੀ ਸੰਗਤ ਨਾਲ ਇਕ ਆਦਤ ਜਿਹੀ ਪੈ ਗਈ ਕਿ ਹੁਣ ਸੰਗਤ ਦੇ ਬਗੈਰ ਜੀਵਣਾ ਹੀ ਮੁਸ਼ਕਲ ਹੈ। ਅਜੇ ਹੇਠਲੇ ਗੁਰਬਾਣੀ ਦੇ ਵਾਕ ਨਹੀਂ ਸਨ ਸੁਣੇ:-

*ਬਿਨੁ ਨਾਵੈ ਮਰਿ ਜਾਈਐ ਮੇਰੇ ਠਾਕੁਰ॥* (ਪੰਨਾ 697)
*ਨਾਮ ਬਿਨਾ ਨਹੀ ਜੀਵਿਆ ਜਾਇ॥* (ਪੰਨਾ 366)
*ਨਾਮ ਬਿਨਾ ਕੈਸੇ ਆਚਾਰ॥* (ਪੰਨਾ 1330)
*ਨਾਮ ਬਿਨਾ ਸਭ ਦੁਨੀਆ ਛਾਰੁ॥* (ਪੰਨਾ 1138)
*ਨਾਮੁ ਲੈਤ ਕਿਛੁ ਬਿਘਨ ਨ ਲਾਗੈ॥* (ਪੰਨਾ 1150)

ਅੱਜ ਅੰਮ੍ਰਿਤ ਵੇਲੇ ਹਰਿਮੰਦਰ ਸਾਹਿਬ ਤੋਂ ਬੜੇ ਰੰਗ ਵਾਲੇ ਰੰਗੀਨ ਸ਼ਬਦ ਆਏ ਤਾਂ ਮੈਨੂੰ ਯਾਦ ਆ ਗਿਆ ਕਿ ਜਦ 1973 ਵਿਚ ਮੇਰੀ ਪੈਰਿਸ ਪੋਸਟਿੰਗ ਹੋ ਗਈ ਤਾਂ ਮੈਂ ਸ. ਸੁਮੇਰ ਸ਼ਾਹ ਸਿੰਘ ਨੂੰ ਕਿਹਾ ਕਰਾਂ - "ਸ਼ਾਹ ਜੀ, ਮੇਰੀ ਮਤਿ ਤਾਂ ਨਹੀ ਮਾਰੀ ਜਾਏਗੀ, ਮੈਂ ਸਤਿਸੰਗ ਬਗੈਰ ਕਿਵੇਂ ਜੀਵਾਂਗਾ, ਆਦਿ", ਪਰ ਸ਼ਾਹ ਜੀ ਦਾ ਜਵਾਬ ਹੈਰਾਨੀ ਵਾਲਾ ਹੁੰਦਾ -

*ਸਤਿ ਸੰਗਤ ਦੇ ਦਾਇਰੇ ਵਿਚ ਰਹਿਣਾ॥*

ਮੈਂ ਤਾਂ ਫਰਾਂਸ ਜਾ ਰਿਹਾ ਸਾਂ ਜਿੱਥੇ ਸਤਿਸੰਗ ਦਾ ਨਾਂ-ਨਿਸ਼ਾਨ ਵੀ ਨਹੀਂ ਸੀ ਹੋ ਸਕਦਾ ਪਰ ਚਾਰਾ ਵੀ ਕੋਈ ਨਹੀਂ ਸੀ। ਫਿਰ ਢਾਰਸ ਬਝਦੀ ਕਿ ਜਦੋਂ ਗੁਰੂ ਸਾਹਿਬ ਕਹਿੰਦੇ ਕਿ

*ਰਾਮ ਰੰਗੁ ਕਦੇ ਉਤਰਿ ਨ ਜਾਇ॥*
*ਗੁਰੁ ਪੂਰਾ ਜਿਸੁ ਦੇਇ ਬੁਝਾਇ॥* (ਪੰਨਾ 194)

ਤਾਂ ਗੁਰੂ ਗ੍ਰੰਥ ਸਾਹਿਬ ਆਪੇ ਕੁਝ ਕਰਨਗੇ ਤੇ ਹੁਣ ਜਦੋਂ ਮੈਂ ਸੋਚਦਾ ਹਾਂ ਸਾਫ ਦਿਸਦਾ ਹੈ ਕਿ ਮੇਰੇ ਗੁਰੂ ਨੇ ਆਪਣੇ ਚਰਨਾਂ ਵਿਚ ਸੰਭਾਲੀ ਰੱਖਿਆ। ਮੈਨੂੰ 1970 ਵਿਚ ਹੀ ਪਤਾ ਲੱਗ ਗਿਆ ਸੀ ਤੇ ਦ੍ਰਿੜ ਹੋ ਗਿਆ ਸੀ ਕਿ ਗੁਰੂ ਗ੍ਰੰਥ ਸਾਹਿਬ ਪੂਰਾ perfect ਤੇ ਲਾਸਾਨੀ ਗੁਰੂ ਹੈ। ਇਸ ਲਈ ਖਿਆਲ ਹੋਣ ਤੇ ਵੀ ਚਿੰਤਾਹੀਣ ਸਾਂ।

ਜਿਉਂ ਜਿਉਂ *"ਰਾਮ ਰੰਗੁ ਕਦੇ ਓਤਰਿ....."* ਪੜ੍ਹਦੇ ਗਏ, ਮੇਰੇ ਅੰਦਰ ਪੈਰਿਸ ਵਿਚ ਗੁਰੂ ਦੀਆਂ ਮਿਹਰਾਂ ਦਾ ਧਿਆਨ ਆਉਂਦਾ ਰਿਹਾ ਤੇ ਬਾਣੀ ਦੀ ਪਰਤਖ ਸਚਾਈ ਸਾਹਮਣੇ ਆਉਂਦੀ ਰਹੀ। ਸਾਹਿਬ ਕਹਿੰਦੇ ਹਨ,

*ਸੰਤਹ ਸੰਗਿ ਬੈਸਿ ਗੁਨ ਗਾਇ।*
*ਤਾਕਾ ਰੰਗੁ ਨ ਓਤਰੈ ਜਾਇ॥'*

ਕੁਝ ਇਹੋ ਜਿਹੀਆਂ ਗੱਲਾਂ ਹੋਈਆਂ। ਕਿਉਂਕਿ ਨਾ ਪੈਰਿਸ ਵਿਚ ਗੁਰਦੁਆਰਾ ਸੀ ਨਾ ਕੋਈ ਸਿੱਖ ਪਰ ਮੇਰੇ ਗੁਰੂ ਨੇ ਆਪਣੀ ਸਾਂਝੀਵਾਲਤਾ ਰਾਹੀਂ ਮੇਰੇ ਲਈ ਹਮੇਸ਼ਾ ਸਤਿਸੰਗ ਬਖਸ਼ੀ ਰੱਖਿਆ। ਭਾਵੇਂ ਇਹ ਗੱਲਾਂ 1973-1976 ਦੀਆਂ ਹਨ ਪਰ ਮੈਨੂੰ ਯਾਦ ਹੈ ਕਿ ਮੈਂ ਇਕ ਦਿਨ ਵੀ ਪੈਰਿਸ ਵਿਚ ਨਹੀਂ ਰਿਹਾ। ਜੋ ਕੰਮ ਮੈਂ ਕਰਦਾ ਸਾਂ ਉਹ ਗੁਰੂ ਆਪੇ ਕਰਾ ਦਿੰਦਾ ਸੀ ਤੇ ਮੈਂ ਹਰ ਵੇਲੇ ਗੁਰੂ ਚਰਨਾਂ ਵਿਚ ਬੈਠ ਕਿ ਗੁਰ ਉਪਦੇਸ਼ ਨੂੰ ਸੁਰਤ ਵਿਚ ਬਿਠਾ ਕੇ ਆਪਣਾ ਜੀਵਨ ਬਸਰ ਕਰਦਾ ਸੀ। ਅੰਮ੍ਰਿਤ ਵੇਲੇ ਕਦੇ ਇਕੱਲੇ, ਕਦੇ ਕਿਸੇ ਸਾਥੀ ਨਾਲ ਗੁਰੂ ਦਾ ਪ੍ਰਕਾਸ਼ ਕਰਕੇ ਵਿਚਾਰਾਂ ਕਰਦੇ ਤੇ ਕਿਸੇ ਤੁਕ ਨੂੰ ਪਕੜ ਕੇ ਰੰਗ ਮਾਣਦੇ। ਪਰ ਕਮਾਲ ਇਹ ਹੋਇਆ ਕਿ ਮੇਰੇ ਗੁਰੂ ਦੀ ਸਾਂਝੀਵਾਲਤਾ ਦੇ ਅਸਰਾਂ ਹੇਠ ਮੈਂ ਪਹਿਲਾਂ ਐਤਵਾਰ ਇਕ ਚਰਚ ਵਿਚ ਜਾਣਾ ਸ਼ੁਰੂ ਕੀਤਾ ਤੇ ਫਿਰ ਪਤਾ ਲਗਾ ਇਥੋਂ 48 ਕਿਲੋਮੀਟਰ ਦੂਰ GRETZ ਵਿਚ Rama Karishna Mission ਹੈ, ਉਥੇ ਜਾਣ ਲੱਗਾ। ਕਮਾਲ ਵੇਖੋ, ਪੂਰਾ ਸਤਿਸੰਗ ਮਿਲਦਾ ਰਿਹਾ। ਜਦੋਂ ਚਰਚ ਵਿਚ ਭਜਨ ਪੜ੍ਹੇ ਜਾਣ ਫਰੈਂਚ ਜਾਂ ਇੰਗਲਿਸ਼ ਵਿਚ ਤਾਂ ਮੈਂ ਵੇਖਾਂ ਕਿ ਇਹ ਤਾਂ ਗੁਰਬਾਣੀ ਦੀ translation ਹੀ ਲੱਗਦੀ ਹੈ। ਮੈਂ ਚਰਚ ਵਿਚ ਵੀ ਆਪਣੇ ਗੁਰੂ ਦੇ ਚਰਨਾਂ ਵਿਚ ਬੈਠ ਕੇ ਉਸਦਾ ਰੰਗ ਮਾਣਦਾ ਰਿਹਾ। ਫਿਰ ਜਦ ਮੈਂ Rama Karishna Mission ਜਾਣਾ ਸ਼ੁਰੂ ਕੀਤਾ ਉਥੇ ਤਾਂ ਬੜਾ

ਕੁਝ ਸਿੱਖਿਆ ਸਾਂਝੀਵਾਲਤਾ ਬਾਰੇ ਪਰ ਗੁਰੂ ਨਾਨਕ ਦੇਵ ਜੀ ਉੱਤੇ French ਵਿਚ ਲੈਕਚਰ ਕਰਨ ਦਾ ਸੁਝਾਉ ਵੀ ਉਥੇ ਦੇ ਸਵਾਮੀ ਜੀ ਵੱਲੋਂ ਆਇਆ। ਹੋਰ ਕਮਾਲ ਉਥੇ ਇਕ ਅਮਰੀਕਨ ਸਵਾਮੀ ਮਿਲੇ ਜੋ ਸੂਟ ਪਾਉਂਦੇ ਸਨ ਤੇ ਉਨ੍ਹਾਂ ਦੱਸਿਆ ਕਿ ਜਦ 14 ਸਾਲਾਂ ਦੇ ਸਨ ਉਹ ਘਰੋਂ ਨਿਕਲ ਪਏ ਇਹ ਕਹਿ ਕੇ ਹੋ ਨਹੀਂ ਸਕਦਾ ਕਿ ਜੀਸਸ ਹੀ ਵਾਹਿਗੁਰੂ ਹੈ ਤੇ ਉਸਦੇ ਬਗੈਰ ਕਿਸੇ ਦਾ ਕੁਝ ਨਹੀਂ ਬਣ ਸਕਦਾ। ਕਹਿਣ ਲੱਗੇ, ਮੈਂ ਸੋਚਿਆ ਜਿਹੜੀ ਸਾਰੀ ਦੁਨੀਆਂ ਇਸਾਈ ਨਹੀਂ ਉਹਨਾਂ ਦਾ ਕੀ ਬਣੇਗਾ? ਮੈਨੂੰ ਲੱਗਾ ਕਿ ਇਹ ਗੱਲ ਠੀਕ ਨਹੀਂ ਤੇ ਬੜੀ ਜਗ੍ਹਾ ਘੁਮ ਘੁਮਾ ਕਿ ਉਨ੍ਹਾਂ ਤੱਕਿਆ ਕਿ ਰਾਮਾ ਕ੍ਰਿਸ਼ਨ ਮਿਸ਼ਨ ਵਿਚ ਪੂਰੀ ਸਾਂਝੀਵਾਲਤਾ ਹੈ। ਕਿਉਂਕਿ ਕਹਿੰਦੇ ਹਨ ਜਦ ਰਾਮਾ ਕ੍ਰਿਸ਼ਨਾ ਜੀ ਨੂੰ ਪ੍ਰਭੂ ਦੇ ਦਰਸ਼ਨ ਮਾਂ ਦੀ ਸ਼ਕਲ ਵਿਚ ਹੋਏ ਤਾਂ ਉਨ੍ਹਾਂ ਮੁਸਲਮਾਨ ਭਗਤੀ ਤਰੀਕਾ ਤੇ ਕ੍ਰਿਸ਼ਚਿਅਨ ਭਗਤੀ ਤਰੀਕਾ ਵੀ ਅਪਨਾ ਕੇ ਤੱਕਿਆ ਤਾਂ ਵੇਖਿਆ ਕਿ ਉਹ ਉਥੇ ਹੀ ਪਹੁੰਚਦੇ ਹਨ, ਮਤਲਬ ਵਾਹਿਗੁਰੂ ਇਕੋ ਹੀ ਹੈ ਜਿਹੜੇ ਮਰਜੀ ਰਾਹ ਤੇ ਚੱਲੀਏ। ਮੈਨੂੰ ਯਾਦ ਆਇਆ,

***ਜਗਤੁ ਜਲੰਦਾ ਰਖ ਲੈ ਆਪਣੀ ਕਿਰਪਾ ਧਾਰਿ॥***
***ਜਿਤੁ ਦੁਆਰੈ ਉਬਰੈ ਤਿਤੈ ਲੈਹੁ ਉਬਾਰਿ॥....***

(ਪੰਨਾ 853)

ਸੋ ਪੈਰਿਸ ਵਿਚ ਰਹਿੰਦਿਆ ਮੈਂ 24 ਘੰਟੇ ਰਾਮ ਰੰਗ ਵਿਚ ਰਹਿਣ ਦੇ ਚਾਅ ਵਿਚ ਹਮੇਸ਼ਾ ਗੁਰੂ ਦੇ ਸ਼ਬਦਾਂ ਵਿਚ ਗੜੂੰਦ ਰਹਿੰਦਾ। ਦਫਤਰ ਵਿਚ ਜੇ ਕੋਈ ਰੀਪੋਰਟ ਬਣਾਉਣੀ ਹੁੰਦੀ ਤਾਂ ਮੈਨੂੰ ਪਤਾ ਵੀ ਨਾ ਲੱਗਦਾ, ਆਪੇ ਥੋੜੇ ਜਿਹੇ ਧਿਆਨ ਨਾਲ ਬਣ ਜਾਂਦੀ। ਮੈਂ ਹਰ ਵਕਤ ਸਭ ਨਾਲ ਪ੍ਰਭੂ ਦੀਆਂ ਗੱਲਾਂ ਕਰਦਾ ਰਹਿੰਦਾ। ਜਦੋਂ ਕੋਈ ਹਿੰਦੁਸਤਾਨੀ ਵਪਾਰੀ ਆਉਂਦਾ ਤੇ ਆਪਣੇ ਕੰਮ ਲਈ ਕਿਸੇ ਨੂੰ ਮਿਲਣਾ ਚਾਹੁੰਦਾ ਤੇ French ਵਪਾਰੀਆਂ ਨਾਲ ਸੰਪਰਕ ਕਰਨਾ ਚਾਹੁੰਦਾ, ਉਹਦਾ ਕੰਮ ਕਰਕੇ ਮੈਂ ਕਹਿੰਦਾ- ਭਾਈ ਸਾਹਿਬ ਕੋਈ ਐਸੀ ਕਮਾਈ ਵੀ ਕਰ ਰਹੇ ਹੋ ਜੋ ਨਾਲ ਜਾਏਗੀ। ਬਹੁਤੇ ਤਾਂ ਮੈਨੂੰ ਝੱਲਾ ਸਮਝਕੇ ਹੱਸ ਪੈਂਦੇ ਤੇ ਟੁਰ ਜਾਂਦੇ ਪਰ ਕਦੇ ਕਦੇ ਕੋਈ ਸਤਿਸੰਗੀ ਮਿਲ ਜਾਂਦਾ ਤੇ ਸੁਆਦ ਆ ਜਾਂਦਾ।

ਅੱਜ ਜਦੋਂ ਇਹ ਪ੍ਰਮਾਣ ਦਿੱਤਾ ਗਿਆ,

***ਰਤੇ ਰੰਗਿ ਪਾਰਬ੍ਰਹਮ ਕੈ ਮਨ ਤਨੁ ਅਤਿ ਗੁਲਾਲੁ॥***

(ਪੰਨਾ 1097)

ਤਾਂ ਮੈਂ ਸੋਚਣ ਲੱਗਾ ਸਚਮੁੱਚ ਗੁਰੂ ਪੂਰੇ ਨੇ ਆਪ ਕਿਰਪਾ ਕਰਕੇ ਸਤਿਸੰਗ ਅੰਦਰੋਂ ਹੀ ਬਖਸ਼ੀ ਰੱਖਿਆ ਨਹੀਂ ਤਾਂ ਮੈਂ ਮੈਲਾ ਹੋ ਜਾਂਦਾ ਤੇ ਵਿਛੜ ਜਾਂਦਾ ਪਰ ਸਤਿਗੁਰੂ ਦੀ ਰਹਿਮਤ ਐਸੀ ਹੋਈ ਕਿ ਜਦ ਕਿਸੇ ਨੇ ਭਾਰਤ ਵਾਪਸ ਆਉਣ ਲੱਗਿਆਂ ਮੈਨੂੰ ਪੁੱਛਿਆ, ਕੋਈ ਕੰਮ ਹੋਏ ਤਾਂ ਦੱਸੋ। ਪਤਾ ਨਹੀਂ ਪਾਗਲਪਨ ਵਿਚ ਮੈਂ ਕਹਿ ਦਿੱਤਾ ਰੋਂਦਿਆਂ-ਰੋਂਦਿਆਂ - "ਹਾਂ, ਬੜਾ ਜ਼ਰੂਰੀ ਕੰਮ ਹੈ, ਜਦੋਂ ਆਪ ਦਿੱਲੀ ਜਾਓ ਉਥੇ ਬੰਗਲਾ ਸਾਹਿਬ ਗੁਰਦੁਆਰੇ ਜਾਣਾ ਤੇ ਪੁੱਛਣਾ ਮੇਰੀ ਜੇਲ ਕਦੋਂ ਕੱਟੀ ਜਾਏਗੀ!" ਮੈਂ ਆਪ ਹੈਰਾਨ ਹਾਂ ਲੋਕੀਂ ਝਿਝਕਾਂ ਲੈਂਦੇ ਨੇ Foreign ਲਈ ਤੇ ਫਰਾਂਸ ਵੇਖਣ ਲਈ। ਮੈਂ ਪੈਰਿਸ ਵਿਚ ਰਹਿੰਦਾ ਇਸਨੂੰ ਜੇਲ ਸਮਝਦਾ ਹਾਂ। ਹੁਣ ਤਾਂ ਹੋਰ ਸਾਫ ਦਿਸਦਾ ਹੈ ਕਿ ਨਾਮ ਬਿਨਾ ਸਭ ਜੇਲ ਵਾਂਗ ਹੈ। ਸਭ ਦ੍ਰਿਸ਼ਟ ਅੱਗ ਹੈ ਤੇ ਜੇਲ ਵਿਚੋਂ ਨਿਕਲਣ ਦਾ ਇਕੋ ਹੀ ਤਰੀਕਾ ਹੈ- ਗੁਰੂ ਦੇ ਚਰਨਾਂ ਦੀ ਜੇਲ ਵਿਚ ਚਲਾ ਜਾਏ। ਵੇਖੋ-

***ਬੰਦੇ ਸੇ ਜੋ ਪਵਹਿ ਵਿਚਿ ਬੰਦੀ ਵੇਖਣ ਕਉ ਦੀਦਾਰੁ॥***

(ਪੰਨਾ 465)

ਅੱਜ ਅਨੰਦ ਦੇ ਹੁਲਾਰਿਆਂ ਵਿਚ ਜਦੋਂ ਮੈਂ ਪੜ੍ਹਿਆ- ***"ਹਰਿ ਰੰਗ ਰਾਤਾ ਸੋ ਮਨੁ ਸਾਚਾ॥ ਲਾਲ ਰੰਗ ਪੂਰਨ ਪੁਰਖੁ ਬਿਧਾਤਾ"*** - ਤਾਂ ਅਨੰਦ ਹੋਰ ਵੱਧ ਗਿਆ। ਮੁਸ਼ਕਲ ਇਹ ਹੈ ਕਿ ਅਸੀਂ ਗੁਰੂ ਗ੍ਰੰਥ ਸਾਹਿਬ ਦੀ ਬਾਹਰੋਂ ਇੱਜ਼ਤ ਕਰ ਕਰ ਕੇ ਅਸਲ ਗੱਲ ਭੁਲ ਹੀ ਗਏ ਹਾਂ ਕਿ ਸਾਡਾ ਗੁਰੂ ਰੁਮਾਲੇ, ਕਾਗਜ਼, ਜਿਲਦ ਜਾਂ ਚੌਰ ਨਹੀਂ, ਸਾਡਾ ਗੁਰੂ ਤਾਂ ਸ਼ਬਦ ਹੈ, ਹੁਕਮ ਹੈ, ਉਪਦੇਸ਼ ਹੈ ਤੇ ਜੇ ਅਸੀਂ ਰੰਗੇ ਜਾ ਸਕਦੇ ਹਾਂ ਤਾਂ ਕੇਵਲ ਸ਼ਬਦ ਦੇ ਰੰਗ ਨਾਲ।

ਹੋਰ ਵੇਖੋ

***"ਲਾਲ ਰੰਗੁ ਤਿਸ ਕਉ ਲਗਾ ਜਿਸ ਕੇ ਵਡਭਾਗਾ॥ ਮੈਲਾ ਕਦੇ ਨ ਹੋਵਈ ਨਹ ਲਾਗੈ ਦਾਗਾ॥੧॥ ਪ੍ਰਭੁ ਪਾਇਆ ਸੁਖਦਾਈਆ ਮਿਲਿਆ ਸੁਖ ਭਾਇ॥ ਸਹਜਿ ਸਮਾਨਾ ਭੀਤਰੇ ਛੋਡਿਆ ਨਹ ਜਾਇ॥੧॥ ਰਹਾਉ॥ ਜਰਾ ਮਰਾ ਨਹ ਵਿਆਪਈ ਫਿਰਿ ਦੂਖੁ ਨ ਪਾਇਆ॥ ਪੀ ਅੰਮ੍ਰਿਤੁ ਆਘਾਨਿਆ ਗੁਰਿ ਅਮਰੁ ਕਰਾਇਆ॥੨॥ ਸੋ ਜਾਨੈ ਜਿਨਿ ਚਾਖਿਆ ਹਰਿ ਨਾਮੁ ਅਮੋਲਾ॥ ਕੀਮਤਿ ਕਹੀ ਨ ਜਾਈਐ ਕਿਆ ਕਹਿ ਮੁਖਿ ਬੋਲਾ॥੩॥ ਸਫਲ ਦਰਸੁ ਤੇਰਾ ਪਾਰਬ੍ਰਹਮ ਗੁਣ ਨਿਧਿ ਤੇਰੀ ਬਾਣੀ॥ ਪਾਵਉ ਧੂਰਿ ਤੇਰੇ ਦਾਸ ਕੀ ਨਾਨਕ ਕੁਰਬਾਣੀ॥੪॥.....*** (ਪੰਨਾ 808)

ਵੇਖੋ ਇਸ ਸ਼ਬਦ ਵਿਚ ਚਖਣ ਦੀ ਗੱਲ ਹੈ। ਜਿਹੜਾ ਗੁਰੂ ਦੇ ਸ਼ਬਦ ਰਸ ਨੂੰ ਚਖ ਲੈਂਦਾ ਹੈ ਉਹੀ ਜਾਣ ਸਕਦਾ ਹੈ ਕਿ ਸਵਾਦ ਹੈ। ਫਿਰ ਸਹਿਜੇ ਹੀ ਉਸ ਵਿਚ ਸਮਾ

ਜਾਂਦਾ ਹੈ ਤੇ ਚੀਖ ਉਠਦਾ ਹੈ,

*ਸਹਿਜ ਸਮਾਨਾ ਭੀਤਰੇ ਛੋਡਿਆ ਨਹ ਜਾਇ॥*

ਕੀ ਸਾਨੂੰ ਰੰਗ ਚੜ੍ਹਿਆ ਹੈ? ਕੀ ਅਸੀਂ ਗੁਰੂ ਦੀ ਗੱਲ ਮੰਨੀ ਹੈ? ਕੀ ਅਸੀਂ ਉਹਦੀ ਰਹਿਮਤ ਦੇ ਪਾਤਰ ਬਣੇ ਹਾਂ? ਜੇ ਜਵਾਬ ਹਾਂ ਵਿਚ ਹੈ ਤਾਂ ਸਾਡੇ ਮਨ ਨੇ ਇਹ ਮਹਿਸੂਸ ਕੀਤਾ ਹੋਵੇਗਾ,

*ਏ ਮਨ ਰੂੜੇ ਰੰਗੁਲੇ ਤੂੰ ਸਚਾ ਰੰਗੁ ਚੜਾਏ॥*
*ਰੂੜੀ ਬਾਣੀ ਜੇ ਰਪੈ ਇਹੁ ਰੰਗੁ ਲਹੈ ਨ ਜਾਇ॥*

(ਪੰਨਾ 426)

ਸੋ ਯਕੀਨ ਜਾਣੋ ਹੁਣ ਤੁਸੀਂ ਕਦੇ ਵੀ ਇਹ ਨਹੀਂ ਕਹਿ ਸਕਦੇ ਕਿ ਰੰਗ ਲਹਿ ਗਿਆ ਹੈ। ਜੇ ਲੱਗਦਾ ਹੈ ਕਿ ਲਹਿ ਗਿਆ ਹੈ ਤਾਂ ਸਮਝੋ ਚੜ੍ਹਿਆ ਹੀ ਨਹੀਂ ਸੀ। ਗੁਰੂ ਤਾਂ ਕਹਿੰਦਾ ਹੈ,

*ਦੇਹਿ ਨ ਪਛੋਤਾਇ॥*

ਇਕ ਗੱਲ ਹੋਰ ਰੰਗ ਸਾਰੇ ਯਾਦ ਆਉਂਦੀ ਹੈ,

*ਜਾ ਕਉ ਹਰਿ ਰੰਗੁ ਲਾਗੋ*
*ਇਸੁ ਜੁਗ ਮਹਿ ਸੋ ਕਹੀਅਤ ਹੈ ਸੂਰਾ॥*

(ਪੰਨਾ 679)

ਝਟ ਮਨ ਕਹਿੰਦਾ ਹੈ ਸੂਰਾ ਕਿਵੇਂ ਹੋਇਆ। ਪਰ ਗੁਰੂ ਦੇ ਚਰਨਾਂ ਦੇ ਆਸ਼ਰਮ ਵਿਚੋਂ ਜਰਾ ਕੁ ਮੂੰਹ ਬਾਹਰ ਕੱਢ ਕੇ ਕਹਿਣ ਦੀ ਹਿੰਮਤ ਕਰਦਾ ਹਾਂ। ਹਾਂ, ਸੂਰਾ ਤਾਂ ਹੋਇਆ ਜੇ ਜਦ ਸਾਰੀ ਦੁਨੀਆਂ ਸੁੱਤੀ ਹੋਵੇ ਤਾਂ ਰੰਗੇ ਹੋਏ ਮਨੁੱਖ ਦਾ ਦਿਲ ਕਹੇ ਕਿ ਮੈਂ ਗੁਰੂ ਦੇ ਹੁਕਮ ਮਤਾਬਿਕ ਅੰਮ੍ਰਿਤ ਵੇਲੇ ਤਿੰਨ ਵਜੇ ਠੰਢ-ਸਰਦੀ ਹੋਵੇ ਜਾਂ ਗਰਮੀ-ਉਠ ਕੇ ਗੁਰੂ ਚਰਨਾਂ ਵਿਚ ਜੁੜਨਾ ਹੈ। ਨਾ ਆਲਸ ਕਰਨਾ ਹੈ, ਨਾ ਬਧਾਚਟੀ ਤੇ ਨਾ ਹੀ ਰਵਾਜ਼ਨ, ਮੈਂ ਤਾਂ ਆਪਣੇ ਪ੍ਰਭੂ ਨੂੰ ਮਿਲਣਾ ਹੀ ਮਿਲਣਾ ਹੈ। ਹਾਂ, ਇਕ ਗੱਲ ਹੋਰ ਯਾਦ ਆਈ। ਸੂਰਾ ਤਾਂ ਆਪੇ ਹੀ ਹੋ ਗਿਆ ਜੇ ਗੁਰੂ ਰਾਮਦਾਸ ਦੀਆਂ ਗੱਲਾਂ ਮੰਨ ਲਵੇ:-

*ਝਖੜੁ ਝਾਗੀ ਮੀਹੁ ਵਰਸੈ ਭੀ ਗੁਰੁ ਦੇਖਣ ਜਾਈ॥*
*ਸਮੁੰਦੁ ਸਾਗਰੁ ਹੋਵੈ ਬਹੁ ਖਾਰਾ*
*ਗੁਰਸਿਖ ਲੰਘਿ ਗੁਰੁ ਪਹਿ ਜਾਈ॥* (ਪੰਨਾ 757)

ਪਰ ਸਭ ਤੋਂ ਵੱਧ ਸੂਰਾ ਤਾਂ ਬਣਦਾ ਹੈ ਜੋ ਆਪਣਾ ਆਪ ਜਿੱਤ ਲੈਂਦਾ ਹੈ ਤੇ ਸਭ ਕੁਝ ਆਪਣੇ ਵਸ ਕਰ ਲੈਂਦਾ ਹੈ। ਯਾਦ ਆਇਆ ਗੁਰੂ ਨਾਨਕ ਦੇਵ ਜੀ ਜਪੁਜੀ ਸਾਹਿਬ ਵਿਚ ਕਹਿੰਦੇ ਹਨ "ਮਨਿ ਜੀਤੈ ਜਗੁ ਜੀਤੁ"। ਕਿਤਨੀ ਸਚਾਈ ਹੈ ਇਸ ਵਿਚ, ਜਦ ਪ੍ਰਭੂ ਦੇ ਰੰਗ ਤੋਂ ਬੰਦਾ ਵਾਂਝਿਆ ਹੁੰਦਾ ਹੈ ਤਾਂ ਉਸਨੂੰ ਇੰਜ ਲੱਗਦਾ ਹੈ ਕਿ ਉਸਦਾ ਕੁਝ ਗਵਾਚਾ ਹੋਇਆ ਹੈ। ਗੱਲ ਵੀ ਠੀਕ ਹੈ, ਸਾਹਿਬ ਕਹਿੰਦੇ ਹਨ,

*ਤੁਧੁ ਚਿਤਿ ਆਏ ਮਹਾ ਅਨੰਦਾ*
*ਜਿਸੁ ਵਿਸਰਹਿ ਸੋ ਮਰਿ ਜਾਇ॥* (ਪੰਨਾ 749)

ਸਾਫ ਜਾਹਿਰ ਹੋ ਗਿਆ ਕਿ ਜਿਸ ਉਤੇ ਹਰੀ ਰੰਗ ਚੜ੍ਹ ਗਿਆ ਹੈ ਉਹ ਹਰੀ ਦਾ ਰਸ ਵੀ ਪਾ ਰਿਹਾ ਹੈ ਤੇ ਉਹਦੀ ਕੋਠੀ ਵਿਚ ਹਰੀ ਧਨ ਦੇ ਦਾਣੇ ਵੀ ਜਮਾ ਹੋ ਰਹੇ ਹਨ। ਸਗੋਂ ਯਾਦ ਰੱਖਣ ਵਾਲੀ ਗੱਲ ਇਹ ਹੈ ਕਿ ਇਹ ਹਰੀ ਰਸ, ਇਹ ਹਰਿ ਧਨ, ਇਹ ਹਰਿ ਰੰਗ ਕਿਸੇ ਦੀ ਜਾਇਦਾਦ ਨਹੀਂ, ਕੋਈ ਆਪੋਂ ਨਹੀਂ ਲੈ ਸਕਦਾ। ਇਹ ਸਤਿਸੰਗਤ ਦੀ ਬਖਸ਼ਿਸ਼ ਰਾਹੀਂ ਗੁਰੂ ਦੀ ਹਜ਼ੂਰੀ 'ਚੋਂ ਪ੍ਰਗਟ ਹੁੰਦਾ ਹੈ ਤੇ ਇਸਦੀ ਕੀਮਤ ਨਹੀਂ ਕਹੀ ਜਾ ਸਕਦੀ। ਸਾਹਿਬ ਤਾਂ ਕਹਿੰਦੇ ਹਨ-

*ਸੋ ਐਸਾ ਹਰਿਨਾਮੁ ਧਿਆਈਐ ਮਨ ਮੇਰੇ,*
*ਜੋ ਸਭਨਾ ਉਪਰਿ ਹੁਕਮੁ ਚਲਾਏ॥*
*ਸੋ ਐਸਾ ਹਰਿਨਾਮ ਜਪੀਐ ਮਨ ਮੇਰੇ,*
*ਜੋ ਅੰਤੀ ਅਉਸਰਿ ਲਏ ਛਡਾਏ॥*

(ਪੰਨਾ 89)

ਵੇਖ ਲਉ ਕਿਤਨਾ ਸੂਰਾ ਹੋ ਜਾਂਦਾ ਹੈ ਬੰਦਾ, ਸਭ ਤੇ ਹੁਕਮ ਚਲਾ ਸਕਦਾ ਹੈ, ਅੰਤ ਵੇਲੇ ਕਿਸੇ ਤੋਂ ਡਰਦਾ ਨਹੀਂ, ਹਰਿ ਧਨ, ਹਰਿ ਰੰਗ ਤੇ ਹਰਿ ਰਸ ਦਾ ਮਾਲਕ ਹੋਣ ਕਰਕੇ ਸਾਹਿਬਾਂ ਦੇ ਚਰਨਾਂ ਵਿਚ ਰਹਿੰਦਾ ਹੈ। ਕਿਸੇ ਚੀਜ਼ ਦੀ ਲੋੜ ਨਹੀਂ ਰਹਿੰਦੀ ਤੇ ਅਖੀਰ ਤੇ ਉਸਦੀ ਹਾਲਤ ਇਹੋ ਜਿਹੀ ਹੋ ਜਾਂਦੀ ਹੈ,

*ਆਦਿ ਜੁਗਾਦਿ ਭਗਤਨ ਕਾ ਰਾਖਾ*
*ਉਸਤਤਿ ਕਰਿ ਕਰਿ ਜੀਵਾ॥*
*ਨਾਨਕ ਨਾਮੁ ਮਹਾ ਰਸੁ ਮੀਠਾ*
*ਅਨਦਿਨੁ ਮਨਿ ਤਨਿ ਪੀਵਾ॥* (ਪੰਨਾ 778)

ਇਸੇ ਲਈ ਸਾਹਿਬ ਇਹ ਵੀ ਕਹਿੰਦੇ ਹਨ

*ਹਰਿ ਬਿਨੁ ਕਛੂ ਨ ਲਾਗਈ ਭਗਤਨ ਕਉ ਮੀਠਾ॥*
*ਆਨ ਸੁਆਦ ਸਭਿ ਫੀਕਿਆ ਕਰਿ ਨਿਰਨਉ ਡੀਠਾ॥*

(ਪੰਨਾ 708)

ਹੋਰ ਸਭ ਸੁਆਦ ਫਿੱਕੇ ਪੈ ਗਏ, ਮਹਾ ਰਸ ਆਇਆ ਨਾਮ ਵਿਚੋਂ ਤੇ ਹਰਿ ਰੰਗ ਚੜ੍ਹ ਗਿਆ। ਜੇ ਗੁਰੂ ਦੇ ਹੁਕਮਾਂ ਨੂੰ ਕੋਈ ਪੂਰੀ ਤਰ੍ਹਾਂ ਮੰਨਦਾ ਹੈ ਤਾਂ ਸਹਿਜ ਸੁਭਾਇ ਹੀ ਉਹਦਾ ਜੀਵਨ ਇਹੋ ਜਿਹਾ ਹੋ ਜਾਏਗਾ:

*ਰਾਮ ਰੰਗੁ ਕਦੇ ਉਤਰਿ ਨ ਜਾਇ॥*
*ਗੁਰੁ ਪੂਰਾ ਜਿਸੁ ਦੇਇ ਬੁਝਾਇ॥* (ਪੰਨਾ 194)

# ਗੁਰੂ ਮਾਨਿਓ ਗ੍ਰੰਥ

ਬਬਲੀ ਐੱਸ ਸਿੰਘ : 35/1-ਬੀ, ਮਾਡਲ ਗਰਾਮ, ਲੁਧਿਆਣਾ

ਬਚਪਨ ਵਿਚ ਜਦੋਂ ਮੈਂ ਸੁਣਦੀ ਸਾਂ ਕਿ ਗੁਰੂ ਗ੍ਰੰਥ ਸਾਹਿਬ ਦੁਨੀਆਂ ਦਾ ਸਭ ਤੋਂ ਸ੍ਰੇਸ਼ਟ ਗ੍ਰੰਥ ਹੈ ਤਾਂ ਹੈਰਾਨ ਹੋ ਜਾਂਦੀ ਸਾਂ ਕਿ ਐਸਾ ਇਸ ਗ੍ਰੰਥ ਵਿਚ ਕੀ ਹੈ ਜੋ ਹਰ ਧਰਮ ਦਾ ਅਨੁਆਈ ਇਸ ਅੱਗੇ ਸਿਰ ਝੁਕਾਉਂਦਾ ਹੈ। ਫਿਰ ਜਦੋਂ ਮੈਂ ਕਿਸੇ ਨੂੰ ਗੁਰੂ ਗ੍ਰੰਥ ਸਾਹਿਬ ਦਾ ਪਾਠ ਕਰਦਿਆਂ ਸੁਣਦੀ ਤਾਂ ਇਕ ਅਦਭੁੱਤ ਜਿਹੀ ਦੈਵੀ ਸ਼ਕਤੀ ਮੈਨੂੰ ਆਪਣੇ ਵੱਲ ਖਿੱਚਦੀ। ਗੁਰੂ ਗ੍ਰੰਥ ਸਾਹਿਬ ਵਿਚਲੀ ਧੁਰ ਕੀ ਬਾਣੀ ਦਾ ਹਰ ਇਕ ਲਫਜ ਮੈਨੂੰ ਕੁਝ ਸਮਝਾਉਣ ਦੀ ਕੋਸ਼ਿਸ਼ ਕਰਦਾ। ਇਕ ਜਾਦੂ ਵਰਗਾ ਅਸਰ, ਇਕ ਅਜੀਬ ਜਿਹੀ ਖਿੱਚ, ਸਾਰਾ ਕੁਝ ਰਲ ਕੇ ਮੈਨੂੰ ਇਕ ਹੋਰ ਹੀ ਦੁਨੀਆਂ ਵਿਚ ਲੈ ਜਾਂਦੇ। ਗੁਰਬਾਣੀ ਦੀਆਂ ਗਹਿਰਾਈਆਂ ਬਹੁਤ ਕੁਝ ਕਹਿੰਦੀਆਂ ਸਮਝਾਉਂਦੀਆਂ ਜਾਪਦੀਆਂ। ਕਦੀ ਬੈਰਾਗ, ਕਦੀ ਹੈਰਾਨੀ, ਕਦੀ ਅਨੰਦਿਤ। ਹਰ ਸ਼ਬਦ ਦਾ ਅਲੱਗ ਹੀ ਅਸਰ ਮੇਰੇ ਤੇ ਹੁੰਦਾ। ਫਿਰ ਜਿਉਂ ਜਿਉਂ ਮੈਂ ਵੱਡੀ ਹੋਈ। ਗੁਰੂ ਗ੍ਰੰਥ ਸਾਹਿਬ ਦੇ ਚਰਨੀ ਲੱਗੀ। ਆਪ ਪਾਠ ਕਰਨਾ ਸ਼ੁਰੂ ਕੀਤਾ ਤਾਂ ਹੋਰ ਡੂੰਘਾਈ ਵਿਚ ਜਾਣ ਦਾ ਅਹਿਸਾਸ। ਤੇ ਫਿਰ ਗੁਰੂ ਗ੍ਰੰਥ ਸਾਹਿਬ ਮੇਰੀ ਜ਼ਿੰਦਗੀ ਵਿਚ 'Light House' ਬਣ ਗਏ। ਮੇਰੇ ਅੰਦਰੋਂ ਇਕ ਬੜੀ ਹੀ ਪਿਆਰੀ ਲਗਨ ਲੱਗੀ। ਤੇ ਫਿਰ "ਮੈਂ ਗੁਰਬਾਣੀ ਅਧਾਰ ਹੈ ਗੁਰਬਾਣੀ ਲਾਗ ਰਹਾਉ"। ਜਿਸ ਦਿਨ ਗੁਰੂ ਜੀ ਦੀ ਪਵਿੱਤਰ ਬਾਣੀ ਨਾ ਪੜ ਸਕਾਂ ਉਸ ਦਿਨ ਲੱਗਿਆ ਕਰੇ ਕਿ ਜਿਵੇਂ ਜ਼ਿੰਦਗੀ ਵਿਚ ਕੋਈ ਖਾਲੀਪਨ ਹੋ ਗਿਆ ਹੋਵੇ। 'something missing' ਤੇ ਫਿਰ ਇਸ ਸਾਗਰ ਦੀ ਗਹਿਰਾਈ ਵਿਚੋਂ ਮਾਣਕ ਮੋਤੀ ਲੱਭਣ ਲੱਗ ਪਏ। ਐਸੇ ਅਨਮੋਲ ਮਾਣਕ ਮੋਤੀ ਕਿ ਮੈਨੂੰ ਸਮਝ ਪੈ ਗਈ ਕਿ ਇਹ ਸਭ ਤੋਂ ਸ੍ਰੇਸ਼ਟ ਗ੍ਰੰਥ ਕਿਉਂ ਹੈ।

ਇਕ ਵਕਤ ਐਸਾ ਆਇਆ ਕਿ ਮੈਨੂੰ ਹੋਰ ਡੂੰਘਾ ਅਹਿਸਾਸ ਹੋਇਆ ਗੁਰੂ ਗ੍ਰੰਥ ਸਾਹਿਬ ਦੀ ਸ੍ਰੇਸ਼ਟਤਾ ਦਾ।

ਸਭ ਤੋਂ ਪਹਿਲੇ ਇਹ ਕਹਾਂਗੀ ਕਿ ਮੇਰੀ ਨਜ਼ਰਾਂ ਵਿਚ ਸਭ ਧਰਮ ਬਹੁਤ ਉੱਚੇ ਹਨ ਬਹੁਤ ਪਵਿੱਤਰ ਹਨ। ਮੈਂ ਹਰ ਧਰਮ ਨੂੰ ਪੂਰਾ ਅਦਬ ਸਤਿਕਾਰ ਦਿੰਦੀ ਹਾਂ। ਮੇਰੇ ਲਈ ਗੁਰਦੁਆਰਾ ਮੰਦਰ ਮਸਜਿਦ ਸਭ ਇਕੋ ਹਨ। ਬਿਲਡਿੰਗ ਸਭ ਦੀ ਇੱਟਾਂ ਦੀ ਬਣੀ ਹੈ। ਅੰਦਰ ਸਿਰਫ ਉਸ ਪਿਤਾ ਪਰਮੇਸ਼ਵਰ ਦਾ ਨਾਮ ਲਿਆ ਜਾ ਰਿਹਾ ਹੈ ਨਾਮ ਦੀ ਪਵਿੱਤਰਤਾ ਹੈ। ਹਰ ਗ੍ਰੰਥ ਪੂਜਣ ਯੋਗ ਹੈ। ਸਭ ਇਕੋ ਦੀ ਹੀ ਗੱਲ ਕਰ ਰਹੇ ਹਨ। ਹਰ ਧਰਮ ਦਾ ਗ੍ਰੰਥ ਉਸਦੇ ਨਾਮ ਦੀ ਉਸਤਤੀ ਕਰ ਰਹੇ ਹਨ। ਸਭ ਕਰਮਾਂ ਦੀ, ਹੁਕਮ ਦੀ, ਰਜ਼ਾ ਦੀ, ਗੱਲ ਕਰ ਰਹੇ ਹਨ। ਮੈਂ ਸਭ ਧਰਮਾਂ ਨੂੰ, ਧਰਮ ਅਸਥਾਨਾਂ ਨੂੰ, ਗ੍ਰੰਥਾਂ ਨੂੰ ਨਮਸਕਾਰ ਕਰਦੀ ਹਾਂ। ਉਸਦੇ ਹਰ ਨਾਮ ਨੂੰ, ਹਰ ਰੂਪ ਨੂੰ ਮੇਰਾ ਨਮਸਕਾਰ ਹੈ। ਮੈਨੂੰ ਜੀਸਸ ਕਰਾਈਸਟ ਦਾ ਝੌਂਪੜੀਆਂ ਵਿਚ ਜਾ ਕੇ ਲੂਲੇ ਲੰਗੜੇ ਤੇ ਕੋਹੜੀਆਂ ਦੇ ਜਖਮਾਂ ਤੇ ਮਲੱਮ ਪੱਟੀ ਕਰਨਾ ਬੜਾ ਪਿਆਰਾ ਲੱਗਦਾ ਹੈ ਤੇ ਉਸਦਾ ਸੱਚ ਲਈ ਸੂਲੀ ਚੜ੍ਹ ਜਾਣਾ ਬੜਾ ਮਹਾਨ ਲੱਗਦਾ ਏ। ਭਗਵਾਨ ਕ੍ਰਿਸ਼ਨ ਤੇ ਸੁਦਾਮੇ ਦੀ ਦੋਸਤੀ ਬੜੀ ਪਿਆਰੀ ਹੈ।

ਪਰ ਜੋ ਇਕ fact ਮੈਂ ਮਹਿਸੂਸ ਕੀਤਾ ਹੈ ਉਹ ਸਭ ਨਾਲ ਸਾਂਝਾ ਕਰਨਾ ਚਾਹੁੰਦੀ ਹਾਂ। ਕਿਸੇ ਵੀ ਗ੍ਰੰਥ ਦੀ ਨਿੰਦਾ ਨਹੀਂ ਕਰ ਰਹੀ। ਮੈਂ ਗੀਤਾ ਜੀ, ਬਾਈਬਲ, ਗੁਰੂ ਗ੍ਰੰਥ ਸਾਹਿਬ ਸਭ ਦਾ ਪਾਠ ਕੀਤਾ ਹੈ। ਸਭ ਬੜੇ ਪੂਜਣਯੋਗ ਹਨ। ਪਰ ਕਿਸੇ ਵੀ ਧਰਮ ਗ੍ਰੰਥ ਵਿਚ ਦੂਜੇ ਧਰਮ ਬਾਰੇ ਜਾਂ ਦੂਜੇ ਧਰਮ ਦੇ ਗੁਰੂ, ਪੀਰ, ਪੈਗੰਬਰ ਅਵਤਾਰ ਦਾ ਜ਼ਿਕਰ ਨਹੀਂ। ਕੁਰਾਨ, ਗੀਤਾ, ਬਾਈਬਲ ਇਨ੍ਹਾਂ ਨੇ ਰਬ ਦੀ ਹੀ ਗੱਲ ਕੀਤੀ ਹੈ ਪਰ ਸਿਰਫ ਆਪਣੇ ਧਰਮ ਦੇ ਅਨੁਸਾਰ ਤੇ ਨਮਸਕਾਰ ਹੈ ਗੁਰੂ ਗ੍ਰੰਥ ਸਾਹਿਬ ਨੂੰ ਜਿਸ ਵਿਚ ਸਭ ਦੇ ਧਰਮਾਂ ਨੂੰ ਨਮਸਕਾਰ ਕੀਤੀ ਗਈ ਹੈ ਜਿਸ ਵਿਚ ਹਰ ਸਮੇਂ ਤੇ ਆਏ ਅਵਤਾਰਾਂ ਦਾ ਜ਼ਿਕਰ ਹੈ ਉਸਤਤੀ ਹੈ। ਇਸ ਤੋਂ ਬਿਨਾਂ ਹਰ ਧਰਮ -ਅੱਲਾ ਦੀਆਂ ਗੱਲਾਂ ਵੀ ਹਨ, ਭਗਵਾਨ ਕ੍ਰਿਸ਼ਨ ਦੀਆਂ ਗੱਲਾਂ ਵੀ ਕੀਤੀਆਂ ਹਨ ਤੇ ਰਾਮ, ਵਿਸ਼ਨੂੰ, ਸ਼ਿਵ, ਮਹੇਸ਼, ਬ੍ਰਹਮਾ ਸਭ ਦਾ ਜ਼ਿਕਰ ਹੈ। ਮੁਸਲਮਾਨ ਭਗਤਾਂ ਦੀ ਬਾਣੀ ਦਰਜ ਹੈ ਤੇ ਹਿੰਦੂ ਭਗਤਾਂ ਦੀ ਬਾਣੀ ਨੂੰ ਆਦਰ ਦੇ ਕੇ ਇਸ ਵਿਚ ਸ਼ਾਮਲ ਕੀਤਾ ਗਿਆ ਹੈ। ਇੰਨੀ ਵਿਸ਼ਾਲਤਾ ਹੋਰ ਕਿਧਰੇ ਵੀ ਨਹੀਂ ਮਿਲੇਗੀ। ਤੇ ਫਿਰ ਗੁਰੂ ਸਾਹਿਬਾਨ ਨੇ ਇੰਨੇ ਪਿਆਰੇ ਲਫਜਾਂ ਵਿਚ ਸਭ ਦਾ ਜ਼ਿਕਰ ਕੀਤਾ ਹੈ:-

*ਅਵਲ ਅਲਹ ਨੂਰ ਉਪਾਇਆ ਕੁਦਰਤਿ ਕੇ ਸਭ*

*ਬੰਦੇ॥*

ਖੁਦਾ ਤੋਂ ਰਹਿਮਤ ਮੰਗਦਿਆਂ:-

*ਨੀਧਰਿਆ ਧਰ ਪਨਹਿ ਖੁਦਾਇ॥* (ਪੰਨਾ 1138)

*ਮੁਸਲਮਾਣ ਮੋਮ ਦਿਲਿ ਹੋਵੈ॥* (ਪੰਨਾ 1084)

ਫਿਰ ਗੁਰੂ ਮਹਾਰਾਜ ਨੇ ਇਹ ਵੀ ਲਿਖਿਆ ਹੈ ਕਿ

*ਕਾਜੀ ਸੋ ਜੁ ਕਾਇਆ ਬੀਚਾਰੈ॥* (ਪੰਨਾ 1160)

ਸਾਨੂੰ ਸਮਝਾਉਂਦਿਆਂ ਹੋਇਆ ਇਹ ਤੁਕ:-

*ਕਹਾ ਉਡੀਸੇ ਮਜਨੁ ਕੀਆ,*
*ਕਿਆ ਮਸੀਤਿ ਸਿਰੁ ਨਾਏ॥*
*ਦਿਲ ਮਹਿ ਕਪਟੁ ਨਿਵਾਜ ਗੁਜਾਰੇ,*
*ਕਿਆ ਹਜ ਕਾਬੈ ਜਾਏ॥* (ਪੰਨਾ 1349)

ਹੁਣ ਲਓ ਗੁਰਬਾਣੀ ਵਿਚ ਹਿੰਦੂ ਅਵਤਾਰਾਂ ਦੇ ਜ਼ਿਕਰ ਦੀ ਮਿਸਾਲ- ਕਿੰਨਾ ਸਤਿਕਾਰ ਦਿੱਤਾ ਹੈ।

*ਆਪੇ ਗੋਪੀ ਆਪੇ ਕਾਨਾ॥*
*ਆਪੇ ਗਊ ਚੁਰਾਵੈ ਬਾਨਾ॥* (ਪੰਨਾ 1083)
*ਆਪੇ ਗੋਪੀ ਕਾਨੁ ਹੈ ਪਿਆਰਾ*
*ਬਨਿ ਆਪੇ ਗਊ ਚਰਾਹਾ॥*
*ਆਪੇ ਸਾਵਲਿ ਸੁੰਦਰ ਪਿਆਰਾ*
*ਆਪੇ ਵੰਸ ਵਜਾਹਾ॥* (ਪੰਨਾ 606)
*ਕਵਲ ਨੈਨ ਮਧੁਰ ਬੈਨ ਕੋਟਿ ਸੈਨ ਸੰਗ ਸੋਭ ਕਹਤ ਮਾ ਜਸੋਦ ਜਿਸਹਿ ਦਹੀ ਭਾਤ ਖਾਹਿ ਜੀਉ॥*
(ਪੰਨਾ 1402)

ਵੇਖੋ :-

*ਬ੍ਰਹਮਾ ਬਿਸਨੁ ਮਹੇਸੁ ਦੇਵ ਉਪਾਇਆ॥*
*ਬ੍ਰਹਮੇ ਦਿਤੇ ਬੇਦ ਪੂਜਾ ਲਾਇਆ॥* (ਪੰਨਾ 1279)

ਇੰਦਰ ਦੇਵਤਾ ਦਾ ਜ਼ਿਕਰ ਵੀ ਹੈ :-

*ਇੰਦ ਵਰਸੈ ਕਰਿ ਦਇਆ,*
*ਲੋਕਾ ਮਨਿ ਉਪਜੈ ਚਾਉ॥* (ਪੰਨਾ 1285)

ਬੇਦ ਕਤੇਬ ਬਾਰੇ ਗੁਰੂ ਮਹਾਰਾਜ ਫੁਰਮਾਉਂਦੇ ਹਨ :-

*ਬੇਦ ਕਤੇਬ ਕਹੁ ਮਤੁ ਝੂਠੇ,*
*ਝੂਠਾ ਜੋ ਨ ਬਿਚਾਰੈ॥* (ਪੰਨਾ 1350)

ਸੱਚੇ ਬ੍ਰਹਮਣ ਬਾਰੇ ਸੁਣੋ :-

*ਸੋ ਬ੍ਰਹਮਣੁ ਜੋ ਬਿੰਦੈ ਬ੍ਰਹਮੁ॥*
*ਜਪੁ ਤਪੁ ਸੰਜਮੁ ਕਮਾਵੈ ਕਰਮੁ॥* (ਪੰਨਾ 1411)
*ਤਿਥੈ ਜੋਧ ਮਹਾ ਬਲ ਸੂਰਿ॥*
*ਤਿਨ ਮਹਿ ਰਾਮੁ ਰਹਿਆ ਭਰਪੂਰ॥*
*ਤਿਥੈ ਸੀਤੋ ਸੀਤਾ ਮਹਿਮਾ ਮਾਹਿ॥*
*ਤਾ ਕੇ ਰੂਪ ਨਾ ਕਥਨੇ ਜਾਹਿ॥* (ਜਪੁਜੀ ਸਾਹਿਬ)

ਪਵਿਤਰ ਨਦੀਆਂ ਦਾ ਜ਼ਿਕਰ :-

*ਗੰਗਾ ਗੋਦਾਵਰੀ ਸਰਸੁਤੀ ਤੇ ਕਰਹਿ ਉਦਮੁ*
*ਧੂਰਿ ਸਾਧੂ ਕੀ ਤਾਈ॥* (ਪੰਨਾ 1263)

ਰਾਮ, ਸੀਤਾ, ਕ੍ਰਿਸ਼ਨ ਭਗਵਾਨ ਉਸਤਤੀ ਤਾਂ ਹੈ ਹੀ ਨਾਲ ਹੀ ਇਨਾਂ ਦੇ ਭਗਤਾਂ ਦੀ ਮਹਿਮਾ ਕਰਦਿਆਂ ਸਾਨੂੰ ਸਮਝਾਇਆ ਗਿਆ ਹੈ ਕਿ :-

*ਰੇ ਚਿਤ ਚੇਤਿ ਚੇਤ ਅਚੇਤ॥*
*ਕਾਹੇ ਨ ਬਾਲਮੀਕਹਿ ਦੇਖ॥*
*ਕਿਸੁ ਜਾਤਿ ਤੇ ਕਿਹ ਪਦਹਿ ਅਮਰਿਓ*
*ਰਾਮ ਭਗਤਿ ਬਿਸੇਖ॥* (ਪੰਨਾ 1124)

ਕਬੀਰ ਜੀ, ਫ਼ਰੀਦ ਜੀ, ਧੰਨਾ ਭਗਤ, ਪੀਪਾ, ਜੈਦੇਵ, ਰਵਿਦਾਸ ਜੀ, ਭਗਤ ਨਾਮਦੇਵ, ਸਧਨਾ ਸੈਣ, ਤ੍ਰਲੋਚਨ ਤੇ ਮਰਦਾਨੇ ਦੇ ਸ਼ਬਦ ਇਸੇ ਮਹਾਨ ਗ੍ਰੰਥ ਵਿਚ ਸ਼ਾਮਲ ਹਨ।

ਇਕ ਹੋਰ ਸੱਚ ਜੋ ਗੁਰੂ ਗ੍ਰੰਥ ਸਾਹਿਬ ਨੂੰ ਸਭ ਤੋਂ ਮਹਾਨ ਗ੍ਰੰਥ ਬਣਾਉਂਦਾ ਹੈ ਉਹ ਇਹ ਕਿ ਕੋਈ ਸ਼ੱਕ ਨਹੀਂ ਕਿ ਪਵਿੱਤਰ ਬਾਈਬਲ ਵਿਚ ਇਕ ਪ੍ਰਭੂ ਦੀ ਉਸਤਤਿ ਹੈ ਪ੍ਰਮਾਤਮਾ ਨੂੰ ਹੀ ਸਿਜਦਾ ਹੈ। ਈਸਾ ਮਸੀਹ ਪ੍ਰਭੂ ਪ੍ਰਮਾਤਮਾ ਨੂੰ ਹੀ ਨਮਸਕਾਰਦੇ ਹਨ। ਅੱਛੇ ਕਰਮ ਕਰਨ ਲਈ ਹੀ ਸਿਖਾਉਂਦੇ ਹਨ। ਦੁਖੀ ਤੇ ਤਰਸ ਤੇ ਦੁਖੀ ਦੀ ਮੱਦਦ ਕਰਨੀ ਹੀ ਪਹਿਲਾ ਧਰਮ ਮੰਨਦੇ ਹਨ ਤੇ ਭਾਈ ਘਨੱਈਆ ਜੀ ਵਾਂਗ ਜੀਸਸ ਕਰਾਈਸਟ ਦੁਖੀਆਂ ਦੇ ਗਲੇ ਸੜੇ ਜਖਮ ਆਪਣੇ ਹੱਥੀਂ ਧੋ ਕੇ ਮਰ੍ਹਮ ਪੱਟੀ ਕਰਦੇ ਹਨ ਉਨ੍ਹਾਂ ਵਰਗੀ ਮਹਾਨ ਸੇਵਾ ਆਪਣੀ ਇਕ ਮਿਸਾਲ ਹੈ। ਪਰ ਫਿਰ ਵੀ ਮਾਫ ਕਰਨਾ ਬਹੁਤ ਸਾਰੀ ਜਗਾ ਤੇ ਈਸਾ ਨੇ ਕਿਹਾ ਹੈ "ਮੇਰੀ ਸ਼ਰਨ ਆਓ ਮੈਂ ਤੁਹਾਨੂੰ ਪਾਰ ਲਘਾਵਾਂਗਾ" ਬਾਈਬਲ ਵਿਚ ਵੀ ਕਈ ਹੋਰ Prophets ਨੇ ਵੀ ਐਸੇ ਹੀ ਕੁਝ ਦਾਅਵੇ ਕੀਤੇ ਹਨ। ਪਰ ਗੁਰੂ ਗ੍ਰੰਥ ਸਾਹਿਬ ਵਿਚ ਕਿਸੇ ਵੀ ਗੁਰੂ ਜਾਂ ਭਗਤ ਨੇ ਕਿਸੇ ਸ਼ਬਦ ਵਿਚ ਆਪਣੇ ਆਪ ਨੂੰ ਕੁਝ ਨਹੀਂ ਮੰਨਿਆ। ਸਰਬ ਸ਼ਕਤੀਮਾਨ ਦੀ ਸ਼ਰਨ ਵਿਚ ਜਾਣ ਲਈ ਕਿਹਾ ਹੈ। ਆਪਣੇ ਆਪ ਨੂੰ ਪ੍ਰਭੂ ਦਾ ਦਾਸ ਜਾਣਿਆ।

*ਮੈਂ ਨਾਹੀ ਕਿਛੁ ਹਉ ਨਾਹੀ ਕਿਛੁ ਆਹਿ ਨਾ ਮੋਰਾ।*
*ਅਉਸਰ ਲਜਾ ਰਾਖਿ ਲੈ ਸਧਨਾ ਜਨ ਤੋਰਾ॥*

ਇਹ ਸ਼ਬਦ ਗੁਰੂ ਗ੍ਰੰਥ ਸਾਹਿਬ ਵਿਚ ਭਗਤ ਸਧਨਾ ਦੀ ਬਾਣੀ ਵਿਚੋਂ ਦਰਜ ਕੀਤਾ ਗਿਆ ਹੈ। ਨਾ ਹੀ ਗੁਰੂਆਂ ਨੇ, ਨਾ ਹੀ ਭਗਤਾਂ ਨੇ ਕਿਧਰੇ ਵੀ ਮੈਂ ਦੀ ਸ਼ਕਤੀ ਮੰਨੀ ਹੈ ਸਗੋਂ ਕਿਹਾ ਹੈ:-

*ਹਉ ਕਿਆ ਸਾਲਾਹੀ ਕਿਰਮ ਜੰਤ*
*ਵਡੀ ਤੇਰੀ ਵਡਿਆਈ॥*

- - - - - - - - - - - -

*ਜੇ ਹਉ ਜਾਣਾ ਆਖਾ ਨਾਹੀ*
*ਕਹਿਣਾ ਕਥਨ ਨਾ ਜਾਈ॥*

ਗੀਤਾ ਬੜੀ ਪਵਿੱਤਰ ਹੈ। ਇਸ ਵਿਚ ਸ਼ੁਭ ਕਰਮ ਕਰਨ ਤੇ ਜੋਰ ਦਿੱਤਾ ਗਿਆ ਹੈ। ਕ੍ਰਿਸ਼ਨ ਭਗਵਾਨ ਇੰਦ੍ਰੀਆਂ ਨੂੰ ਵਸ ਕਰ ਕੇ ਕਾਮ ਕ੍ਰੋਧ ਲੋਭ ਮੋਹ ਹੰਕਾਰ ਤੋਂ ਮੁਕਤ ਹੋਣ ਲਈ ਪ੍ਰੇਰਦੇ ਹਨ। ਦੁਨੀਆਵੀ ਹੋ ਕੇ ਪ੍ਰਭੂ ਭਗਤੀ ਲਈ ਕਹਿੰਦੇ ਹਨ। ਜਨਮ ਮਰਨ ਦੀ ਸਚਾਈ ਨੂੰ ਪਛਾਨਣਾ ਸਿਖਾਉਂਦੇ ਹਨ। ਆਤਮਾ ਨਹੀਂ ਮਰਦੀ ਸਰੀਰ ਮਰਦਾ ਹੈ। ਇਹੀ ਉਹ ਸਮਝਾਉਂਦੇ ਹਨ। ਉਨ੍ਹਾਂ ਦੀਆਂ ਅਰਜੁਨ ਨੂੰ ਦਿੱਤੀਆਂ ਸਿੱਖਿਆਵਾਂ ਬੜੀਆਂ ਚੰਗੀਆਂ ਹਨ। ਯੋਗੀ ਨੂੰ ਸਭ ਤੋਂ ਉਤਮ ਮੰਨਿਆ। ਪਰ ਫਿਰ ਵੀ ਹਰ ਅਧਿਆਇ ਵਿਚ ਕਿਤੇ ਨਾ ਕਿਤੇ ਕ੍ਰਿਸ਼ਨ ਜੀ "ਮੈਂ" ਵਰਤ ਹੀ ਲੈਂਦੇ ਹਨ।

ਵਾਸੂਦੇਵ ਕੇ ਅਤਿਰਿਕਤ ਔਰ ਕੁਝ ਭੀ ਨਹੀਂ। ਜੋ ਐਸੇ ਮਾਨ ਲੇਤਾ ਹੈ ਵਹ ਮਹਾਤਮਾ ਅਤਿਅੰਤ ਦੁਰਲਭ (ਅਧਿਆਇ ਸੱਤਵਾਂ)

ਹਰ ਅਧਿਆਇ ਵਿਚ ਕ੍ਰਿਸ਼ਨ ਜੀ ਨੇ ਆਪਣੀ ਸ਼ਕਤੀ ਮੰਨੀ ਹੈ। ਸੋ ਹਰ ਧਰਮ ਦੇ ਗੁਰੂ ਜਾਂ ਅਵਤਾਰ ਇਹ ਕਹਿੰਦੇ ਹਨ ਆਓ ਮੈਂ ਤੁਹਾਡੀ ਰੱਖਿਆ ਕਰਾਂਗਾ। ਪਰ ਇਕ ਗੁਰੂ ਗ੍ਰੰਥ ਸਾਹਿਬ ਵਿਚ ਐਸੀ ਨਿਮਰਤਾ ਪ੍ਰੇਮ ਪੂਰਨ ਬਾਣੀ ਹੈ ਜਿਸ ਵਿਚ ਹਰ ਸ਼ਬਦ ਵਿਚ ਅਕਾਲ ਪੁਰਖ ਨੂੰ ਸਿਜਦੇ ਕੀਤੇ ਗਏ ਹਨ। ਕਿਸੇ ਵੀ ਗੁਰੂ ਸਾਹਿਬਾਨ ਜਾਂ ਭਗਤ ਨੇ ਆਪਣੀ ਤਾਕਤ ਨੂੰ ਨਹੀ ਮੰਨਿਆ ਆਪਣੇ ਆਪ ਨੂੰ ਨਹੀਂ ਮੰਨਿਆ ਸਗੋਂ ਨਿਮਰਤਾ ਨਾਲ ਭਰੇ ਹਿਰਦੇ ਨੇ ਅਕਾਲ ਪੁਰਖ ਦਾ ਹੀ ਸਿਜਦਾ ਕੀਤਾ ਹੈ ਆਪਣੇ ਆਪ ਨੂੰ ਨਿਮਾਣਾ ਬਣਾ ਕੇ ਹੀ ਉਸਦੀ ਉਸਤਤਿ ਕੀਤੀ ਹੈ। ਹਰ ਸ਼ਬਦ ਵਿਚ ਨਾਨਕ ਨੇ ਆਪਣੇ ਆਪ ਨੂੰ ਪਰਮੇਸ਼ਵਰ ਦਾ ਦਾਸ ਕਿਹਾ ਹੈ। ਐਸੀ ਨਿਮਰਤਾ ਕਿਸੇ ਹੋਰ ਗ੍ਰੰਥ ਵਿਚ ਨਹੀਂ ਮਿਲਦੀ। ਸਾਰੇ ਗੁਰੂਆਂ ਨੇ ਪ੍ਰਮਾਤਮਾ ਦੀ ਸ਼ਕਤੀ ਨੂੰ ਹੀ ਸਰਬ ਸ਼ਕਤੀਮਾਨ ਤੇ ੧ਓ ਨੂੰ ਮੰਨਿਆ ਭਗਤਾਂ ਦੀ ਬਾਣੀ ਵਿਚ ਵੀ ਉਸੇ ਨੂੰ ਸਰਬ ਸ਼ਕਤੀਮਾਨ ਮੰਨ ਕੇ ਆਪਣੇ ਆਪ ਨੂੰ ਉਸਦੇ ਚਰਨਾਂ ਦੀ ਧੂਰ ਹੀ ਕਿਹਾ ਕੀ ਇਹ ਮਹਾਨਤਾ ਨਹੀਂ। ਐਨਾ ਗਿਆਨ ਹੁੰਦਿਆਂ ਵੀ ਉਹ ਸਭ-

*ਮਤਿ ਹੋਦੀ ਹੋਇ ਇਆਣਾ, ਤਾਣ ਹੋਦੇ ਹੋਇ ਨਿਤਾਣਾ।*
*ਅਣਹੋਦੇ ਆਪੁ ਵੰਡਾਏ, ਕੋ ਐਸਾ ਭਗਤੁ ਸਦਾਏ॥*

ਵਿਚ ਵਿਸ਼ਵਾਸ਼ ਕਰਦੇ ਰਹੇ। ਗੁਰੂ ਨਾਨਕ ਦੀ ਨਿਮਰਤਾ ਵੇਖੋ

*ਜਿਨ ਕੇ ਚੋਲੇ ਰਤੜੇ ਪਿਆਰੇ*
*ਕੰਤ ਤਿਨਾ ਕੇ ਪਾਸਿ*
*ਧੂੜਿ ਤਿਨਾ ਕੀ ਜੇ ਮਿਲੈ*
*ਜੀ ਕਹੁ ਨਾਨਕ ਕੀ ਅਰਦਾਸਿ॥* (ਪੰਨਾ 722)

ਗੁਰੂ ਨਾਨਕ ਨੇ ਆਪਣੇ ਆਪ ਨੂੰ ਕੁਝ ਨਹੀਂ ਮੰਨਿਆ ਸਗੋਂ ਕਿਹਾ:-

*ਜਿਉ ਨਾਨਕ ਆਪਿ ਨਚਾਇਦਾ ਤਿਵ ਹੀ ਕੋ ਨਚਾ॥*

ਗੁਰਬਾਣੀ ਵਿਚ ਗੁਰੂ ਨਾਨਕ ਦੀ ਤੇ ਸਭ ਗੁਰੂਆਂ ਦੀ ਨਿਮਰਤਾ ਵੇਖਣ ਯੋਗ ਹੈ। ਸਾਰੀ ਅਕਾਲ ਪੁਰਖ ਲਈ ਸ਼ਰਧਾ ਭਰੀ ਪਈ ਹੈ।

ਜਰਾ ਵੇਖੋ ਇਹ ਤੁਕਾਂ:-

*ਹਮ ਨਾਨੇ ਨੀਚ ਤੁਮੇ ਬਡ ਸਾਹਿਬ*
*ਕੁਦਰਤਿ ਕਉਣ ਬੀਚਾਰਾ॥*
*ਮਨੁ ਤਨੁ ਸੀਤਲ ਗੁਰ ਦਰਸ ਦੇਖੇ*
*ਨਾਨਕ ਨਾਮੁ ਅਧਾਰਾ॥* (ਪੰਨਾ 1235)

ਹਰ ਸ਼ਬਦ ਵਿਚ ਗੁਰੂ ਨਾਨਕ ਨੇ ਆਪਣੇ ਆਪ ਨੂੰ ਨਿਰੰਕਾਰ ਦਾ ਦਾਸ ਕਿਹਾ ਕਿਧਰੇ ਵੀ ਉਨ੍ਹਾਂ ਨੇ ਆਪਣੀ ਕੋਈ ਸ਼ਕਤੀ ਨਹੀ ਮੰਨੀ।

ਗੁਰੂ ਕਹਿ ਰਹੇ ਨੇ:-

*ਏਕ ਤੂਹੀ ਦੀਨ ਦਇਆਲੁ*
*ਪ੍ਰਭ ਚਰਨ ਨਾਨਕ ਅਸਰੋ॥* (ਪੰਨਾ 1119)

ਗੁਰੂ ਨਾਨਕ ਲਈ ਇਹੀ ਇਕ ਅਕਾਲ ਪੁਰਖ ਹੈ। ਗੁਰੂ ਅਰਜਨ ਦੇਵ ਜੀ ਨੇ ਜਿੱਥੇ ਗੁਰੂ ਗ੍ਰੰਥ ਸਾਹਿਬ ਜੀ ਦਾ ਪਹਿਲਾ ਪ੍ਰਕਾਸ਼ ਕੀਤਾ ਉਹ ਹਰਿਮੰਦਰ ਸਾਹਿਬ ਕਿੰਨੀ ਨਿਮਰਤਾ ਸਿਖਾ ਰਿਹਾ ਹੈ। ਸਰੋਵਰ ਸਾਹਿਬ ਦੇ ਵਿਚਕਾਰ ਬਣਿਆ ਹਰਿਮੰਦਰ ਸਾਹਿਬ ਦੇ ਚਾਰ ਦਰਵਾਜੇ ਚਾਰੇ ਵਰਣਾ ਲਈ ਸਭ ਨੂੰ ਇਕੋ ਜਿਹਾ ਮੰਨਦੇ ਹੋਏ ਸਭ ਲਈ ਖੁੱਲ੍ਹੇ ਹਨ। ਪਰ ਰਸਤਾ ਇਕੋ ਹੈ ਜਿਥੋਂ ਲੰਘ ਕੇ ਹਰ ਇਕ ਨੇ ਹਰਿਮੰਦਰ ਸਾਹਿਬ ਅੰਦਰ ਆਉਣਾ ਹੈ। ਤੇ ਹਰਿਮੰਦਰ ਸਾਹਿਬ ਤੱਕ ਆਉਣ ਲਈ ਚਾਰੇ ਦਿਸ਼ਾਵਾਂ ਵਿਚੋਂ ਪੌੜੀਆਂ ਉਤਰ ਕੇ ਥੱਲੇ ਆਉਣਾ ਪੈਂਦਾ ਹੈ।

ਇੰਨੀ ਨਿਮਰਤਾ, ਇੰਨੀ ਵਿਸ਼ਾਲਤਾ ਹੋਰ ਕਿਤੇ ਨਹੀਂ ਮਿਲਣੀ। ਇਹ ਇਕ ਅਟਲ ਸੱਚਾਈ ਹੈ ਕਿ ਗੁਰੂ ਗ੍ਰੰਥ ਸਾਹਿਬ ਸਭ ਤੋਂ ਸ੍ਰੇਸ਼ਟ ਗ੍ਰੰਥ ਹੈ।

# ਗੁਰਮਤਿ ਸੰਗੀਤ ਸਾਧਨਾ

ਭਾਈ ਨਿਰਮਲ ਸਿੰਘ ਖਾਲਸਾ : ਧੰਨਵਾਦ ਸਹਿਤ 'ਗੁਰਮਤਿ ਪ੍ਰਕਾਸ਼' 'ਚੋਂ

*(ਪਿਛਲੇ ਅੰਕ ਦਾ ਬਾਕੀ)*

ਗੁਰਬਾਣੀ ਸੰਗੀਤ ਪੱਧਤੀ ਗਾਇਣ ਕਲਾ ਤੇ ਵਾਦਨ ਕਲਾ ਵਿਚ ਵੱਧ ਤੋਂ ਵੱਧ ਯੋਗਦਾਨ ਸ੍ਰੀ ਗੁਰੂ ਨਾਨਕ ਦੇਵ ਜੀ ਅਤੇ ਬਾਕੀ ਗੁਰੂ ਸਾਹਿਬਾਨ ਦਾ ਹੀ ਹੈ। ਸ੍ਰੀ ਗੁਰੂ ਨਾਨਕ ਦੇਵ ਜੀ ਨੇ ਸ਼ਾਸਤਰੀ ਸੰਗੀਤ ਦੀ ਵਰਤੋਂ ਕੇਵਲ ਪ੍ਰਭੂ ਪ੍ਰਮਾਤਮਾ ਦੀ ਸਿਫਤ-ਸਾਧਨਾ ਅਤੇ ਭੁੱਲੇ-ਭਟਕੇ ਲੋਕਾਂ ਨੂੰ ਸਹੀ ਮਾਰਗ ਦਰਸਾਉਣ ਲਈ ਹੀ ਕੀਤੀ ਅਤੇ ਇਹ ਪ੍ਰਕਿਰਿਆ ਅਗਾਂਹ ਤੁਰਦੀ ਰਹੀ। ਮਿਸਾਲ ਦੇ ਤੌਰ ਤੇ ਲਗਭਗ ੪੦੦ ਸਾਲ ਤੋਂ ਨਿਰੰਤਰ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਵਿਖੇ "ਕਲਯੁਗ ਮਹਿ ਕੀਰਤਨੁ ਪਰਧਾਨਾ-- ਗੁਰਮੁਖਿ ਜਪੀਐ ਲਾਇ ਧਿਆਨਾ" ਦਾ ਗਾਇਣ ਹੋ ਰਿਹਾ ਹੈ। ਸਾਹਿਬ ਸ੍ਰੀ ਗੁਰੂ ਰਾਮਦਾਸ ਸਾਹਿਬ ਜੀ ਦੇ ਦਰਬਾਰ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਜੀ ਦੇ ਪ੍ਰਮੁੱਖ ਹਜ਼ੂਰੀ ਕੀਰਤਨੀਏਂ ਭਾਈ ਸਾਹਿਬ ਭਾਈ ਬਲਵੰਡ ਜੀ ਅਤੇ ਭਾਈ ਸਾਹਿਬ ਭਾਈ ਸੱਤਾ ਜੀ, ਇਕ ਮਹਾਨ ਕੀਰਤਨੀਏ ਸਨ। ਆਪ ਜੀ ਉਪਰ ਗੁਰੂ ਸਾਹਿਬਾਨ ਦੀ ਇਤਨੀ ਬਖਸ਼ਿਸ਼ ਹੋਈ ਕਿ ਆਪ ਜੀ ਦੀ ਲਿਖੀ ਵਾਰ ਸ੍ਰੀ ਗੁਰੂ ਅਰਜਨ ਦੇਵ ਪਾਤਸ਼ਾਹ ਜੀ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਸੰਪਾਦਨਾ ਕਰਦੇ ਸਮੇਂ ਇਸ ਵਿਚ ਸ਼ਾਮਲ ਕੀਤੀ। ਰਾਮਕਲੀ ਕੀ ਵਾਰ ਵਿਚਲਾ "ਧੰਨੁ ਧੰਨੁ ਰਾਮਦਾਸ ਗੁਰੁ ਜਿਨਿ ਸਿਰਿਆ ਤਿਨੈ ਸਵਾਰਿਆ" ਸ਼ਬਦ ਰੋਜ਼ਾਨਾ ਹੀ ਸਤਿਗੁਰੂ ਜੀ ਦੀ ਸਿਫਤਿ-ਸਲਾਹ ਵਿਚ ਪੜ੍ਹਿਆ ਜਾਂਦਾ ਹੈ। ਸ੍ਰੀ ਗੁਰੂ ਅਰਜਨ ਦੇਵ ਪਾਤਸ਼ਾਹ ਜੀ ਖੁਦ ਸਰੰਦੇ ਨਾਲ ਰਾਗਾਂ ਵਿਚ ਕੀਰਤਨ ਕਰਨ ਦੇ ਧਨੀ ਸਨ ਤੇ ਅਗਾਂਹ ਇਸ ਰੱਬੀ ਦਾਤ ਨੂੰ ਸਮੂਹ ਗੁਰਸਿੱਖਾਂ ਵਿਚ ਵੀ ਵੰਡ ਦਿੱਤਾ ਤੇ ਇਸ ਰਵਾਇਤ ਨੂੰ ਗੁਰੂ ਸਾਹਿਬਾਨ ਤੋਂ ਇਲਾਵਾ ਬਹਤੁ ਸਾਰੇ ਨਾਮਵਰ ਗੁਰੂ ਦੇ ਸਿੱਖ ਵੀ ਨਿਭਾਉਂਦੇ ਰਹੇ। ਸ੍ਰੀ ਗੁਰੂ ਗੋਬਿੰਦ ਸਿੰਘ ਜੀ ਖੁਦ ਵੀ ਤੰਤੀ ਸਾਜ਼ਾਂ ਨਾਲ ਰਾਗਾਂ ਵਿਚ ਕੀਰਤਨ ਕਰਨ ਵਿਚ ਨਿਪੁੰਨ ਸਨ ਤੇ ਇੰਝ ਹੀ ਮਾਤਾ ਸੁੰਦਰੀ ਜੀ ਵੀ ਨਿਰਧਾਰਤ ਰਾਗਾਂ ਵਿਚ ਕੀਰਤਨ ਕਰਦੇ ਸਨ। ਰਬਾਬੀ ਸਿੱਖਾਂ ਤੋਂ ਇਲਾਵਾ ਭਾਈ ਮਨੀ ਸਿੰਘ ਜੀ ਸ਼ਹੀਦ, ਸ੍ਰੀ ਅਕਾਲ ਤਖ਼ਤ ਸਾਹਿਬ ਜੀ ਦੇ ਜਥੇਦਾਰ ਅਤੇ ਸ੍ਰੀ ਹਰਿਮੰਦਰ ਸਾਹਿਬ ਜੀ ਦੇ ਹੈੱਡ ਗ੍ਰੰਥੀ ਦੀ ਸੇਵਾ ਨਿਭਾਉਂਦੇ ਹੋਏ ਸ੍ਰੀ ਦਰਬਾਰ ਸਾਹਿਬ ਜੀ ਵਿਖੇ ਤੰਤੀ ਸਾਜ਼ਾਂ ਨਾਲ ਸ੍ਰੀ ਆਸਾ ਦੀ ਵਾਰ ਦਾ ਕੀਰਤਨ ਕਰਦੇ ਰਹੇ ਹਨ। ਸ. ਜੱਸਾ ਸਿੰਘ ਆਹਲੂਵਾਲੀਆ ਜਿਨ੍ਹਾਂ ਨੂੰ ਪੰਥ ਨੇ ਸੁਲਤਾਨ-ਉਲ-ਕੌਮ ਦਾ ਖਿਤਾਬ ਦਿੱਤਾ ਸੀ, ਮਹਾਨ ਯੋਧੇ ਤੇ ਸੂਰਬੀਰ ਤਾਂ ਸਨ ਹੀ, ਆਪ ਜੀ ਸ਼ਾਸਤਰੀ ਸੰਗੀਤ ਦੁਆਰਾ ਕੀਰਤਨ ਕਰਨ ਦੇ ਵੀ ਧਨੀ ਸਨ ਅਤੇ ਆਸਾ ਦੀ ਵਾਰ ਦਾ ਕੀਰਤਨ ਬਿਨਾਂ ਨਾਗਾ ਕਰਿਆ ਕਰਦੇ ਸਨ। ਇੰਝ ਹੀ ਸੰਤ ਬਾਬਾ ਸ਼ਾਮ ਸਿੰਘ ਜੀ, ਨਾਮ-ਅਭਿਆਸੀ ਅਤੇ ਕੀਰਤਨ ਦੇ ਧਨੀ, ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਜੀ ਦੀ ਗੁਰਮਤਿ ਕੀਰਤਨ ਸ਼ੈਲੀ ਨੂੰ ਕਾਇਮ ਰੱਖਦਿਆਂ ਕੋਈ ਪੌਣੀ ਸਦੀ ਦੇ ਕਰੀਬ ਨਿਰੰਤਰ ਬਿਨਾਂ ਨਾਗਾ ਸਰੰਦੇ ਨਾਲ ਕੀਰਤਨ ਕਰਦੇ ਰਹੇ ਹਨ। ਇਸ ਸ਼ਾਨਮੱਤੀ ਪੁਰਾਤਨ ਸ਼ੈਲੀ ਵਿਚ ਅੰਮ੍ਰਿਤਮਈ ਕੀਰਤਨ ਦੀਆਂ ਧੁਨੀਆਂ ਕਰੀਬ-ਕਰੀਬ ੧੯੫੦ਵਿਆਂ ਤੋਂ ਪਹਿਲਾਂ ਗੂੰਜਦੀਆਂ ਹੀ ਰਹੀਆਂ ਹਨ। ਇਸ ਉਪਰੰਤ ਤੰਤੀ ਸਾਜ਼ਾਂ ਦੀ ਜਗ੍ਹਾ (ਜਰਮਨੀ ਦੀ ਕਾਢ) ਹਰਮੋਨੀਅਮ ਨਾਮਕ ਪੱਛਮੀ ਸਾਜ਼ ਨੇ ਮੱਲ ਲਈ। ਇਸ ਦੇ ਕੁਝ ਕੁ ਖਾਸ ਕਾਰਨ ਹਨ। ਸੰਨ ੧੯੪੭ ਦੇ ਹਿੰਦ-ਪਾਕਿ ਬਟਵਾਰੇ ਕਾਰਨ, ਸਾਰਾ ਨਿਜ਼ਾਮ ਹੀ ਉਥਲ-ਪੁਥਲ ਹੋ ਚੁੱਕਾ ਸੀ, ਜਿਸ ਪਾਸੇ ਵੀ ਕਿਸੇ ਦਾ ਮੂੰਹ ਹੋਇਆ, ਉਥੇ ਹੀ ਜਾ ਵੱਸਿਆ ਤੇ ਐਸੇ ਸਮੇਂ ਹਰ ਵਿਅਕਤੀ ਨੂੰ ਹੀ, ਆਪਣੇ ਪੈਰਾਂ ਉੱਪਰ ਖੜੇ ਹੋਣ ਦੀ ਚਿੰਤਾ ਵੱਢ ਵੱਢ ਖਾ ਰਹੀ ਸੀ। ਸੁਭਾਵਿਕ ਹੀ ਸੀ ਕਿ ਸ੍ਰੀ ਦਰਬਾਰ ਸਾਹਿਬ ਜੀ ਅਤੇ ਹੋਰਨਾਂ ਪ੍ਰਮੁੱਖ ਅਸਥਾਨਾਂ ਉੱਤੇ ਜਿਹੜੇ ਵੀ ਗੁਣੀ-ਜਨ ਰਬਾਬੀ ਤੇ ਰਾਗੀ ਸਿੰਘ ਸਨ, ਸਭ ਹੀ ਨਿਜੀ ਮਜ਼ਬੂਰੀਆਂ ਜਾਂ ਕੁਝ ਹੋਰ ਕਾਰਨਾਂ ਕਰਕੇ ਅਗਾਂਹ-ਪਿਛਾਂਹ ਜਾ ਵਸੇ। ਮਿਸਾਲ ਦੇ ਤੌਰ ਤੇ ਭਾਈ ਸਾਹਿਬ ਭਾਈ ਚਾਂਦ ਜਿਹੇ ਗੁਣੀ-ਜਨ ਕੀਰਤਨੀਏ, ਜਿਹੜੇ ਕਿ ਲੰਮੇ ਸਮੇਂ ਤੱਕ ਸ੍ਰੀ ਦਰਬਾਰ ਸਾਹਿਬ ਜੀ ਵਿਖੇ ਗੁਰਮਤਿ ਸ਼ੈਲੀ ਅਨੁਸਾਰ ਅਤਿ ਸੁਰੀਲੀਆਂ ਸੁਰਾਂ ਬਿਖੇਰ ਕੇ ਲੱਖਾਂ ਹੀ ਸੰਗਤਾਂ ਨੂੰ ਸਰਸ਼ਾਰ ਕਰਦੇ ਰਹੇ ਸਨ, ਨੂੰ ਰਾਜਨੀਤਕ ਕਾਰਨਾਂ ਕਰਕੇ ਪਾਕਿਸਤਾਨ (ਲਾਹੌਰ) ਜਾਣਾ ਪਿਆ। ਇੰਜ ਹੀ ਸਿੱਖ ਕੌਮ ਦੇ ਮਹਾਨ ਪਵਿੱਤਰ ਅਸਥਾਨ

ਸ੍ਰੀ ਨਨਕਾਣਾ ਸਾਹਿਬ ਜੀ, (ਜਨਮ ਭੂਮੀ, ਸ੍ਰੀ ਗੁਰੂ ਨਾਨਕ ਦੇਵ ਜੀ) ਤੋਂ ਵੀ ਕਈ ਗੁਣੀ-ਜਨ ਕੀਰਤਨੀਆਂ ਨੂੰ ਬੇਵੱਸ ਹੋ ਕੇ ਚੜ੍ਹਦੇ ਪੰਜਾਬ ਵੱਲ ਕਾਫ਼ਲਿਆਂ ਵਿਚ ਸ਼ਾਮਲ ਹੋ ਕੇ ਪਰਤਣਾ ਪਿਆ।

ਇੰਜ ਰੱਬੀ ਕੀਰਤਨ ਦੀ ਦਾਤ, ਜੋ ਕਿ ਗੁਰੂ ਸਾਹਿਬਾਨ ਵੱਲੋਂ ਸਦੀਆਂ ਤੋਂ ਕੀਤੀ ਅਣਥੱਕ ਘਾਲਣਾ ਕਾਰਨ ਸਾਡੀ ਝੋਲੀ ਪਈ ਸੀ, ਉਹ ਕਿਰਦੀ ਜਾਪਣ ਲੱਗ ਪਈ। ਵਕਤੀ ਕਰਵਟ ਤੋਂ ਉਠ, ਸਮਾਂ ਪਾ ਕੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਜਦੋਂ ਆਪਣੇ ਪੈਰਾਂ ਉੱਤੇ ਖੜੋਣ ਲੱਗੀ ਤਾਂ, ਸ੍ਰੀ ਦਰਬਾਰ ਸਾਹਿਬ ਵਿਖੇ ਫਿਰ ਇਕ ਵਾਰ ਗੁਣੀ-ਜਨ ਕੀਰਤਨੀਆਂ ਦੀ ਮਧੁਰ ਆਵਾਜ਼ ਗੂੰਜਣ ਲੱਗੀ। ਪ੍ਰੰਤੂ ਅਫਸੋਸ ਕਿ ਇਸ ਵਕਫੇ ਦੌਰਾਨ ਤੰਤੀ ਸਾਜ਼ਾਂ ਦੀ ਮਧੁਰ ਆਵਾਜ਼ ਲਗਭਗ ਖਾਮੋਸ਼ ਹੋ ਚੁੱਕੀ ਸੀ। ਨਾ ਤਾਂ ਪ੍ਰਬੰਧਕ ਕਮੇਟੀਆਂ ਅਤੇ ਨਾ ਹੀ ਆਪਣੇ ਤੌਰ ਉੱਤੇ ਕੀਰਤਨੀ ਸਿੰਘਾਂ ਨੇ ਇਸ ਪੱਖ ਵੱਲ ਖਾਸ ਧਿਆਨ ਦਿੱਤਾ। ਇਸ ਦੇ ਵੀ ਕੁਝ ਕਾਰਨ ਹਨ। ਮਿਸਾਲ ਵਜੋਂ ਤੰਤੀ ਸਾਜ਼ਾਂ ਜਿਵੇਂ ਸਰੰਦਾ, ਰਬਾਬ, ਦਿਲਰੁਬਾ, ਵਚਿਤ੍ਰਵੀਣਾ, ਸਾਰੰਗੀ, ਸਿਤਾਰ, ਸਰੋਦ, ਸੰਤੂਰ ਇਤਿਆਦਿ ਦੇ ਮਾਹਿਰ ਵਾਦਕਾਂ ਦਾ ਨਾ ਮਿਲਣਾ, ਕਿਉਂਕਿ ਇਸ ਫਨ ਵਿਚ ਗੁਰਸਿੱਖਾਂ ਨੂੰ ਬਹੁਤ ਹੀ ਘੱਟ ਮੁਹਾਰਤ ਹਾਸਲ ਹੈ। ਉਂਝ ਵੀ ਇਨ੍ਹਾਂ ਸਾਜ਼ਾਂ ਨੂੰ ਸਿੱਖਣ ਲਈ ਬਹੁਤ ਹੀ ਸਖਤ ਮਿਹਨਤ, ਘਾਲਣਾ ਤੇ ਸਾਧਨਾ ਦੀ ਜ਼ਰੂਰਤ ਪੈਂਦੀ ਹੈ। ਸਿਖਿਆਰਥੀ ਨੂੰ ਸਿਖਲਾਈ ਸਮੇਂ ਚੋਖੀ ਮਾਇਆ ਦੀ ਵੀ ਲੋੜ ਹੁੰਦੀ ਹੈ ਅਤੇ ਸਿੱਖ ਚੁੱਕੇ ਉਸਤਾਦ ਜਨ ਨੂੰ ਉਸ ਵਕਤ ਚਣੌਤੀ ਭਰੇ ਸਮੇਂ ਨਾਲ ਜੂਝਣਾ ਪੈਂਦਾ ਹੈ, ਜਦੋਂ ਉਸ ਨੂੰ ਆਪਣੀ ਕੀਤੀ ਹੋਈ ਮਿਹਨਤ ਦਾ ਪੂਰਾ ਇਵਜ਼ਾਨਾ ਵੀ ਨਾ ਮਿਲੇ। ਸੋ ਇਸ ਕਠਿਨ ਤੇ ਬਿਖਮ ਵਿਦਿਆ ਨੂੰ ਤਦ ਹੀ ਕੋਈ ਹੱਥ ਪਾਵੇਗਾ, ਜੇਕਰ ਅੱਗੋਂ ਉਸ ਦੀ ਪੂਰੀ ਕਦਰ ਪਵੇਗੀ।

ਸੋ ਮੇਰੀ ਹੱਥ ਜੋੜ ਗੁਜ਼ਾਰਿਸ਼ ਹੈ ਕਿ ਜੇਕਰ ਅਸਾਂ ਗੁਰੂ ਸਾਹਿਬਾਨ ਵੱਲੋਂ ਬਖਸ਼ਿਸ਼ ਕੀਤੇ ਗੁਰਮਤਿ ਸੰਗੀਤ ਦੇ ਅਮੀਰ ਵਿਰਸੇ ਤੇ ਪੁਰਾਤਨ ਸ਼ੈਲੀ ਨੂੰ ਸੁਜੀਵ ਰੱਖਣਾ ਹੈ, ਤਾਂ ਸਿੱਖ ਪੰਥ ਦੀ ਅਗਵਾਈ ਕਰ ਰਹੀਆਂ ਸਮੂਹ ਜਥੇਬੰਦੀਆਂ ਨੂੰ ਆਪਣੀ ਸਮਰੱਥਾ ਮੁਜਬ ਯੋਗਦਾਨ ਪਾਉਣਾ ਪਵੇਗਾ। ਕਈ ਵਾਰ ਅਨਭੋਲ ਗੁਰਸਿੱਖ ਰਾਗੀ ਸਿੰਘਾਂ ਉੱਤੇ ਤਰਕ ਕਰਦੇ ਹਨ ਕਿ ਹੁਣ ਭਾਈ ਮਨਸਾ ਸਿੰਘ ਜੀ ਵਰਗੇ ਰਾਗੀ ਸਿੰਘ ਤਾਂ ਰਹੇ ਹੀ ਨਹੀਂ, ਉਪਰੋਕਤ ਗੁਰਸਿੱਖਾਂ ਦੀ ਗੱਲ ਵਿਚ ਦਮ ਹੈ, ਪ੍ਰੰਤੂ ਆਪ ਜੀ ਇਕ ਗੱਲ ਭੁੱਲਦੇ ਹਨ। ਮੰਨ ਲਈਏ, ਅੱਜ ਭਾਈ ਸਾਹਿਬ ਭਾਈ ਮਨਸਾ ਸਿੰਘ ਜੀ ਵਰਗੇ ਕੀਰਤਨੀਏ ਨਹੀਂ ਰਹੇ, ਜੋ ਕਿ ਬਹੁਤ ਹੀ ਸਬਰ-ਸੰਤੋਖ ਵਾਲੇ ਸਨ ਤਾਂ ਫਿਰ ਮਹਾਰਾਜਾ ਰਣਜੀਤ ਸਿੰਘ (ਸ਼ੇਰੇ ਪੰਜਾਬ) ਜਿਹੇ ਪਾਰਖੂ ਵੀ ਤਾਂ ਨਹੀਂ ਰਹੇ, ਜੋ ਲਾਹੌਰ ਤੋਂ ਅੰਮ੍ਰਿਤਸਰ ਪੁੱਜ ਕੇ, ਘੰਟਿਆਂ ਬੱਧੀ ਸ੍ਰੀ ਦਰਬਾਰ ਸਾਹਿਬ ਜੀ ਦੀਆਂ ਪਰਕਰਮਾਂ ਵਿਚ ਕੀਰਤਨ ਸਰਵਣ ਕਰਦੇ ਅਤੇ ਕੀਰਤਨੀਏ ਸਿੰਘਾਂ ਦੀ ਹਰ ਤਰ੍ਹਾਂ ਆਰਥਿਕ ਮੱਦਦ ਵੀ ਕਰਦੇ ਸਨ। ਸ੍ਰੀ ਦਰਬਾਰ ਸਾਹਿਬ ਜੀ ਦੇ ਨਜ਼ਦੀਕ ਹੀ ਤਮਾਮ ਰਾਗੀ ਸਿੰਘਾਂ ਨੂੰ ਰੈਣ-ਬਸੇਰੇ ਵੀ ਬਣਾ ਕੇ ਦਿੱਤੇ, ਜਿਸ ਦਾ ਨਾਮ ਅੱਜ ਤੱਕ ਗਲੀ ਰਾਗੀਆਂ ਕਰਕੇ ਵੱਜਦਾ ਹੈ। ਪੰਚਮ ਪਾਤਸ਼ਾਹ ਸ੍ਰੀ ਗੁਰੂ ਅਰਜਨ ਦੇਵ ਜੀ ਖੁਦ ਹਜ਼ੂਰੀ ਕੀਰਤਨੀਆਂ ਦੇ ਘਰੀਂ ਜਾ ਕੇ ਸੁਖ-ਸਾਂਦ ਪੁੱਛਿਆ ਕਰਦੇ ਸਨ ਅਤੇ ਫਿਰ ਜਿੱਥੇ ਗੁਰੂ ਪੁੱਜ ਜਾਵੇ, ਉਥੇ ਕਿਸ ਗੱਲ ਦੀ ਤੋਟ ਰਹਿੰਦੀ ਹੋਵੇਗੀ?

ਮੌਜੂਦਾ ਸਮੇਂ ਸਤਿਗੁਰੂ ਜੀ ਦੀ ਅਪਾਰ ਰਹਿਮਤ ਸਦਕਾ ਮੀਡੀਆ ਦੁਆਰਾ ਸ੍ਰੀ ਹਰਿਮੰਦਰ ਸਾਹਿਬ, ਸ੍ਰੀ ਅੰਮ੍ਰਿਤਸਰ ਤੋਂ ਰੋਜ਼ਾਨਾ ਹੀ ਲਾਈਵ (ਸਿੱਧਾ) ਟੈਲੀਕਾਸਟ (ਪ੍ਰਸਾਰਣ) ਹੋ ਰਿਹਾ ਹੈ, ਇਹ ਕੌਮ ਦੀ ਵੱਡੀ ਪ੍ਰਾਪਤੀ ਹੈ ਅਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦਾ ਮਹਾਨ ਉਪਰਾਲਾ ਹੀ ਕਿਹਾ ਜਾ ਸਕਦਾ ਹੈ। ਇਹ ਸਿੱਧਾ ਪ੍ਰਸਾਰਣ ਇਸ ਵਕਤ ਪੂਰੇ ਸੰਸਾਰ ਵਿਚ ਵਿਖਾਇਆ ਜਾ ਰਿਹਾ ਹੈ ਅਤੇ ਜੋ ਵੀ ਗੁਰੂ ਨਾਨਕ ਨਾਮ ਲੇਵਾ ਗੁਰਸਿੱਖ ਹਨ, ਉਹ ਨਿਤਾਪ੍ਰਤੀ ਨੇਮ ਨਾਲ ਅਤੇ ਅਤਿ ਸ਼ਰਧਾ ਨਾਲ ਇਹ ਪ੍ਰੋਗਰਾਮ ਸਰਵਣ ਕਰਦੇ ਹਨ। ਇਥੋਂ ਤੱਕ ਕਿ ਹੋਰ ਧਰਮਾਂ ਨਾਲ ਸੰਬੰਧਤ ਵਿਅਕਤੀ ਵੀ ਇਸ ਪ੍ਰਸਾਰਣ ਨੂੰ ਤੱਕਦੇ ਹਨ ਅਤੇ ਕਈ ਸੰਸਾਰ ਪ੍ਰਸਿੱਧ ਗੁਣੀ-ਜਨ ਗਾਇਕ ਲੋਕ ਵੀ ਪੰਛੀ ਝਾਤ ਮਾਰਦੇ ਰਹਿੰਦੇ ਹਨ।

ਜ਼ਿਕਰ ਯੋਗ ਹੈ ਕਿ ਅੱਜ ਤੋਂ ੬-੭ ਦਹਾਕੇ ਪਹਿਲਾਂ ਦੁਰਗਿਆਣਾ ਮੰਦਰ, ਸ੍ਰੀ ਅੰਮ੍ਰਿਤਸਰ ਵਿਖੇ ਹੋਲੀ ਦੇ ਤਿਉਹਾਰ ਸਮੇਂ ਸੰਗੀਤ ਸੰਮੇਲਨ (ਰਾਗ ਦਰਬਾਰ) ਵਿਚ ਹਿੰਦੁਸਤਾਨ ਭਰ ਤੋਂ ਸੰਗੀਤ ਸਮਰਾਟ ਭਾਗ ਲੈਣ ਪੁੱਜਦੇ ਸਨ ਅਤੇ ਹਰ ਸੰਗੀਤਕਾਰ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਜੀ ਵਿਖੇ ਸੀਸ ਨਿਵਾਉਣ ਲਈ ਵੀ ਪੁੱਜਦਾ ਸੀ। ਉਸ ਵਕਤ ਦੇ ਹਜ਼ੂਰੀ ਰਾਗੀ ਇਤਨੇ ਗੁਣੀ ਸਨ ਕਿ ਇਹ ਧਨੰਤਰ ਗਾਇਕ ਵੀ ਮੰਨਦੇ ਸਨ ਕਿ ਹਜ਼ੂਰੀ ਰਾਗੀਆਂ ਦਾ ਕੋਈ ਸਾਨੀ ਨਹੀਂ ਹੈ। ਹਿੰਦੁਸਤਾਨੀ ਕਲਾਸੀਕਲ ਗਾਇਕੀ ਦੇ ਸਿਰਮੌਰ ਗਵੱਈਏ ਸਰਵ ਸ੍ਰੀ ਪੰਡਤ ਵਿਆਸ

ਰਾਉ, ਪੰਡਤ ਨਾਥ ਠਾਕੁਰ, ਪੰਡਤ ਵਿਸ਼ਨੂੰ ਦਿਗੰਬਰ ਤੇ ਉਸਤਾਦ ਫੈਆਜ਼ ਖਾਂ ਵਰਗੇ ਨਾਮਵਰ ਗਾਇਕਾਂ ਨੂੰ ਇਨ੍ਹਾਂ ਰਾਗੀ ਸਿੰਘਾਂ ਦਾ ਲੋਹਾ ਮੰਨਣਾ ਪਿਆ। ਇਕ ਵਾਰੀ ਹੋਲੀ ਦੇ ਸੰਗੀਤ ਸੰਮੇਲਨ ਵਿਚ ਭਾਗ ਲੈਣ ਲਈ ਪੰਡਤ ਵਿਆਸ ਰਾਉ ਜੀ ਦੇ ਪੁੱਜਣ ਤੇ ਸਤਿਕਾਰ ਵਜੋਂ ਰਾਗੀ ਸਿੰਘ ਉਨ੍ਹਾਂ ਦੀ ਮਿਜ਼ਾਜ਼-ਪੁਰਸ਼ੀ ਲਈ ਪੁੱਜੇ ਤਾਂ ਪੰਡਤ ਜੀ ਪਾਸੋਂ ਕੁਝ ਸੁਣਨ ਦੀ ਬੇਨਤੀ ਕੀਤੀ। ਪੰਡਤ ਜੀ ਨੇ ਆਪਣੀ ਗਾਇਕੀ ਨਾਲ ਰਾਗੀ ਸਿੰਘਾਂ ਤੇ ਰਬਾਬੀ ਸਿੰਘਾਂ ਨੂੰ ਸਰਸ਼ਾਰ ਕੀਤਾ ਤਾਂ ਫਿਰ ਪੰਡਤ ਜੀ ਰਾਗੀ ਸਿੰਘਾਂ ਨੂੰ ਮੁਖਾਤਿਬ ਹੋ ਕੇ ਬੋਲੇ ਕਿ "ਆਪ ਸਾਹਿਬਾਨ ਭੀ ਤੋਂ ਬਹੁਤ ਉੱਚੀ ਜਗਹ ਸੇ ਆਏ ਹੋ, ਹਮੇਂ ਭੀ ਸਵਰਣ ਮੰਦਿਰ ਕਾ ਕੁਛ ਪਰਸ਼ਾਦਿ ਦੀਜੀਏਗਾ।" ਉਸੇ ਵਕਤ ਸ੍ਰੀ ਦਰਬਾਰ ਸਾਹਿਬ ਜੀ ਦੇ ਹਜ਼ੂਰੀ ਰਾਗੀ ਭਾਈ ਸਾਈਂ ਦਿੱਤਾ ਜੀ ਨੇ ਜਦੋਂ ਗਾਉਣਾ ਸ਼ੁਰੂ ਕੀਤਾ ਤਾਂ ਪੰਡਤ ਵਿਆਸ ਰਾਉ ਜੀ ਸਤਿਕਾਰ ਵਜੋਂ ਖੜ੍ਹੇ ਹੋ ਕੇ ਅੱਸ਼-ਅੱਸ਼ ਕਰਨ ਲੱਗੇ ਤੇ ਕਹਿਣ ਲੱਗੇ, "ਹੇ ਪ੍ਰਭੂ! ਇਸ ਸੇ ਆ.. ਕੁਛ ਗਾਇਨ ਕਰਨਾ ਅਤਿ ਕਠਿਨ ਬਾਤ ਹੈ, ਬਸ ਇਤਨਾ ਹੀ ਕਹਿਤਾ ਹੂੰ ਕਿ ਸਰਸਵਤੀ ਤੋਂ ਗੁਰੂ ਰਾਮਦਾਸ ਜੀ ਕੇ ਘਰ ਸਵਰਣ ਮੰਦਿਰ ਮੇਂ ਹੀ ਰਹਿਤੀ ਹੈ। ਇਤਨਾ ਮੁਸ਼ਕਿਲ ਔਰ ਸੁਰ ਮੇਂ ਗਾਇਨ ਕਰਨਾ, ਹਮਾਰੇ ਬਸ ਮੇਂ ਨਹੀਂ ਹੈ।" ਇੰਝ ਹੀ ਆਪਣੇ ਵਕਤ ਦੇ ਦਿਗਵਿਜ ਗਾਇਕ, ਉਸਤਾਦ ਬੜੇ ਗੁਲਾਮ ਅਲੀ ਖਾਂ ਅਤੇ ਗਜ਼ਲ-ਕੁਈਨ ਬੇਗਮ ਅਖਤਰ ਵੀ ਸ੍ਰੀ ਦਰਬਾਰ ਸਾਹਿਬ ਜੀ ਦੇ ਰਾਗੀਆਂ ਤੇ ਫਿਦਾਅ ਸਨ।

ਇਹ ਸ੍ਰੀ ਹਰਿਮੰਦਰ ਸਾਹਿਬ ਜੀ ਦੇ ਹੀ ਕੀਰਤਨੀਏ ਸਨ, ਜਿਨ੍ਹਾਂ ਨੂੰ ਨਿਰਧਾਰਤ ਰਾਗਾਂ ਵਿਚ ਗਾਇਨ ਕਰਨ ਸਮੇਂ, ਵੱਡੇ ਵੱਡੇ ਤੇ ਔਖੇ ਤੋਂ ਔਖੇ ਤਾਲਾਂ ਜਿਵੇਂ ਕਿ ਧਮਾਰ, ਧਰੁਪਦ, ਪੜਤਾਲ, ਵਡਾ ਖਿਆਲ (ਵਿਲੰਬਤ ਵਿਚ) ਝੂਮਰਾ, ਫਰੋਦਸਤ, ਸਵਾਰੀ, ਪੰਜਤਾਲ, ਸੱਤਤਾਲ, ਜੈਤਾਲ, ਖੱਟ ਤਾਲ, ਬ੍ਰਹਮ ਤਾਲ, ਆਡਾ ਚਾਰ ਤਾਲ, ਸੂਲ ਤਾਲ, ਦੀਪਚੰਦੀ, ਝੱਪ ਤਾਲ ਇਤਿਆਦਿ ਤਾਲਾਂ ਵਿਚ ਗੁਰਸ਼ਬਦ ਗਾਇਨ ਦੀ ਮੁਹਾਰਤ ਹਾਸਿਲ ਸੀ ਤੇ ਇਸ ਸਭ ਦੇ ਪਿੱਛੇ ਗੁਰੂ ਦੀ ਮਿਹਰ, ਸਿੱਖ ਸੰਗਤਾਂ ਦਾ ਪੂਰਨ ਸਹਿਯੋਗ, ਖੁਦ ਦੀ ਮਿਹਨਤ ਅਤੇ ਪ੍ਰਬੰਧਕ-ਜਨਾਂ ਵੱਲੋਂ ਮਾਣ ਇੱਜ਼ਤ ਅਤੇ ਹੌਸਲਾ ਅਫਜ਼ਾਈ ਸੀ।

ਗੁਰੂ ਰਾਮਦਾਸ ਪਾਤਸ਼ਾਹ ਜੀ ਦੇ ਅਧਿਆਤਮਿਕ ਦਰਬਾਰ- "ਵਡਾ ਤੇਰਾ ਦਰਬਾਰੁ ਸਚਾ ਤੁਧੁ ਤਖਤੁ- ਸਿਰਿ ਸਾਹਾ ਪਾਤਿਸਾਹੁ ਨਿਹਚਲੁ ਚਉਰੁ ਛਤੁ" ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਜੀ ਵਿਖੇ ਅਨੇਕਾਂ ਹੀ ਐਸੇ ਐਸੇ ਸੁੱਚੇ ਹੀਰੇ-ਮੋਤੀ ਅਤੇ ਮਾਣਕਾਂ ਨਾਲੋਂ ਵੱਧਕੇ, ਅਨਮੋਲ ਰਤਨ, ਗੁਰੂ ਘਰ ਦੇ ਲਾਡਲੇ, ਕੀਰਤਨੀਏਂ ਹਾਜ਼ਰੀਆਂ ਭਰਕੇ ਆਪਣਾ ਜੀਵਨ ਸਫਲ ਕਰਦੇ ਰਹੇ ਹਨ ਕਿ ਜਿਨ੍ਹਾਂ ਸਾਹਵੇਂ ਸ਼ਰਧਾ-ਸਤਿਕਾਰ ਵਿਚ ਲਬਰੇਜ਼ ਸਿੱਖ ਸੰਗਤਾਂ ਅਤੇ ਕਦਰਦਾਨ ਰੂਹਾਂ, ਝੁਕ ਝੁਕ ਕੇ ਪ੍ਰਣਾਮ ਕਰਦੀਆਂ ਥੱਕਦੀਆਂ ਨਹੀਂ ਸਨ ਹੁੰਦੀਆਂ। ਇਨ੍ਹਾਂ ਕੀਰਤਨੀਆਂ ਦੀ ਲੰਮੀ ਮਾਲਾ ਦੇ ਅਤਿ ਕੀਮਤੀ ਮਣਕਿਆਂ ਵਿਚੋਂ ਇਥੇ ਕੁਝ ਕੁ ਗੁਰੂ ਕੇ ਲਾਲਾਂ ਦਾ ਜ਼ਿਕਰ ਕਰਦਿਆਂ ਹੋਇਆਂ ਧੰਨ ਭਾਗ ਸਮਝਦਾ ਹਾਂ ਜੀ।

ਜਿਵੇਂ ਕਿ ਭਾਈ ਬਾਬਕ ਜੀ, ਭਾਈ ਸਾਈਂ ਦਿੱਤਾ ਜੀ, ਭਾਈ ਦੇਸਾ ਜੀ, ਭਾਈ ਮੋਤੀ ਜੀ, ਭਾਈ ਤਾਬਾ ਜੀ, ਭਾਈ ਲਾਲ ਜੀ, ਭਾਈ ਚਾਂਦ ਜੀ, ਭਾਈ ਨਿਹਾਲ ਜੀ, ਭਾਈ ਵਧਾਵਾ ਜੀ, ਭਾਈ ਮੀਰਾ ਜੀ, ਭਾਈ ਬੂੜਾ ਜੀ, ਭਾਈ ਰੂੜਾ ਜੀ, ਭਾਈ ਜਗਤਾ ਜੀ, ਭਾਈ ਭਗਤਾ ਜੀ, ਭਾਈ ਹਜ਼ੂਰਾ ਜੀ, ਭਾਈ ਤਾਨਾ ਜੀ, ਭਾਈ ਨੱਥਾ ਜੀ, ਭਾਈ ਕੱਥਾ ਜੀ, ਭਾਈ ਮੇਹਰ ਸਿੰਘ ਜੀ ਤਾਨ, ਭਾਈ ਜੱਸਾ ਜੀ, ਭਾਈ ਪਾਲਾ ਜੀ, (ਭਾਈ ਜਸਵੰਤ ਸਿੰਘ, ਭਾਈ ਪਾਲ ਸਿੰਘ), ਭਾਈ ਗੁਲਜ਼ਾਰ ਸਿੰਘ ਜੀ, ਭਾਈ ਗੁਰਮੁਖ ਸਿੰਘ ਜੀ, ਭਾਈ ਸੁਰਮੁਖ ਸਿੰਘ ਜੀ, ਭਾਈ ਜਗਤਾਰ ਸਿੰਘ ਜੀ ਫੱਕਰ, ਭਾਈ ਦਲਜੀਤ ਸਿੰਘ ਜੀ ਤਾਨ, ਭਾਈ ਪ੍ਰਿਥੀਪਾਲ ਸਿੰਘ ਜੀ, ਭਾਈ ਮੋਹਨਪਾਲ ਸਿੰਘ ਜੀ, ਭਾਈ ਧਰਮ ਸਿੰਘ ਜੀ ਜਖਮੀ, ਭਾਈ ਜੋਗਿੰਦਰ ਸਿੰਘ ਜੀ, ਭਾਈ ਮਹਿੰਦਰ ਸਿੰਘ ਜੀ, ਭਾਈ ਸਮਸ਼ੇਰ ਸਿੰਘ ਜੀ ਜਖਮੀ, ਭਾਈ ਗਿਆਨ ਸਿੰਘ ਜੀ ਅਲਮਸਤ, ਭਾਈ ਠਾਕੁਰ ਸਿੰਘ ਜੀ ਅਲਮਸਤ, ਭਾਈ ਸਮੁੰਦ ਸਿੰਘ ਜੀ, ਭਾਈ ਸੰਤਾ ਸਿੰਘ ਜੀ, ਭਾਈ ਸਮਸ਼ੇਰ ਸਿੰਘ ਜੀ, ਭਾਈ ਸੰਤਾ ਸਿੰਘ ਜੀ ਚਮਕ, ਭਾਈ ਸੰਤਾ ਸਿੰਘ ਜੀ ਕੰਵਲ, ਭਾਈ ਮਹਿਤਾਬ ਸਿੰਘ ਜੀ ਕਲਕੱਤੇ ਵਾਲੇ, ਭਾਈ ਹੀਰਾ ਸਿੰਘ ਜੀ, ਭਾਈ ਸ਼ਾਮ ਸਿੰਘ ਜੀ, ਭਾਈ ਮਨਸਾ ਸਿੰਘ ਜੀ, ਮਹੰਤ ਭਾਈ ਗੱਜਾ ਸਿੰਘ ਜੀ, ਸੰਤ ਸੁਜਾਨ ਸਿੰਘ ਜੀ, ਭਾਈ ਸੁੰਦਰ ਸਿੰਘ ਜੀ, ਭਾਈ ਪ੍ਰਿਥੀਪਾਲ ਸਿੰਘ ਜੀ ਮਹੂ ਵਾਲੇ, ਭਾਈ ਸ਼ੇਰ ਸਿੰਘ ਜੀ, ਭਾਈ ਪੂਰਨ ਸਿੰਘ ਜੀ, ਮਾਸਟਰ ਭਾਈ ਦਰਸ਼ਨ ਸਿੰਘ ਜੀ ਕੋਮਲ, ਸੰਤ ਬਹਾਦਰ ਸਿੰਘ ਜੀ, ਭਾਈ ਗੁਰਬਚਨ ਸਿੰਘ ਜੀ ਪਟਨੇ ਵਾਲੇ, ਭਾਈ ਹਰਨਾਮ ਸਿੰਘ ਜੀ ਠੱਟੇ ਟਿੱਬੇ ਵਾਲੇ, ਭਾਈ ਸੁੱਧ ਸਿੰਘ ਜੀ, ਭਾਈ ਪਰਧਾਨ ਸਿੰਘ ਜੀ, ਭਾਈ ਬਖਸ਼ੀਸ਼ ਸਿੰਘ ਜੀ ਸ੍ਰੀ ਦਰਬਾਰ ਸਾਹਿਬ ਵਾਲੇ,

ਭਾਈ ਦੇਵਿੰਦਰ ਸਿੰਘ ਜੀ ਗੁਰਦਾਸਪੁਰ, ਭਾਈ ਚਤਰ ਸਿੰਘ ਜੀ ਰਬਾਬੀ ਜਲੰਧਰ ਰੇਡੀਓ ਵਾਲੇ, ਭਾਈ ਸੁਰਿੰਦਰ ਸਿੰਘ ਜੀ ਨੇਤਰਹੀਣ ਸ੍ਰੀ ਦਰਬਾਰ ਸਾਹਿਬ ਵਾਲੇ, ਉਸਤਾਦ ਸੋਹਣ ਸਿੰਘ ਜੀ ਰੇਡੀਓ ਵਾਲੇ। ਗੁਰਮਤਿ ਸੰਗੀਤ ਕੀਰਤਨ ਦੀ ਦੁਨੀਆਂ ਵਿਚੋਂ ਇਹ ਸਭ ਕੀਰਤਨ ਪ੍ਰੇਮੀਆਂ ਲਈ ਰੌਸ਼ਨ ਚਿਰਾਗ ਹੋ ਗੁਜ਼ਰੇ ਹਨ।

ਵਿਸ਼ਵ ਕਵੀ, ਬੰਗਾਲ ਨਿਵਾਸੀ ਨੌਬਲ ਪੁਰਸਕਾਰ ਜੇਤੂ, ਮਹਾਨ ਕਵੀ ਰਵਿੰਦਰ ਨਾਥ ਟੈਗੋਰ, ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਵਿਖੇ ਜਦੋਂ ਦਰਸ਼ਨਾਂ ਲਈ ਆਏ ਤਾਂ ਉਸ ਦੇ ਸੰਗੀਤ-ਰਸਿਕ ਕੰਨਾਂ ਵਿਚ ਜਦੋਂ ਅਜਿਹੇ ਹੀ ਇਕ ਸ੍ਰੀ ਦਰਬਾਰ ਸਾਹਿਬ ਦੇ ਹਜ਼ੂਰੀ ਕੀਰਤਨੀਏ, ਭਾਈ ਸਾਹਿਬ ਭਾਈ ਸੁੰਦਰ ਸਿੰਘ ਜੀ ਦੀ ਰਸਭਿੰਨੜੀ ਆਵਾਜ਼ ਪਈ ਤਾਂ ਉਹ ਇਤਨਾ ਮਤਵਾਲਾ ਹੋ ਉੱਠਿਆ ਕਿ ਉਸਦਾ ਮੋਰ ਰੂਪੀ ਮਨ ਪੈਲਾਂ ਪਾਉਂਦਾ ਹੋਇਆ ਨੱਚ ਉੱਠਿਆ। ਆਪ ਕਈ ਦਿਨ ਕੀਰਤਨ ਦਾ ਇਲਾਹੀ ਰਸ ਮਾਣਦੇ ਰਹੇ ਤੇ ਕਹਿਣ ਲੱਗੇ ਕਿ ਮੈਂ ਜ਼ਿੰਦਗੀ ਭਰ ਚੋਰੀ ਨਹੀਂ ਕੀਤੀ ਪਰ ਹੁਣ ਮੇਰਾ ਮਨ ਚਾਹੁੰਦਾ ਹੈ ਕਿ ਮੈਂ ਇਸ ਰਾਗੀ ਨੂੰ ਚੋਰੀ ਕਰਕੇ ਆਪਣੇ ਪਾਸ ਬੰਗਾਲ ਲੈ ਜਾਵਾਂ। ਸੋ ਉਪਰੋਕਤ ਰਾਗੀ ਸਾਹਿਬਾਨ, ਸਭ ਅਜਿਹੀ ਹੀ ਤਰਜਮਾਨੀ ਦਾ ਹੱਕ ਰੱਖਦੇ ਸਨ ਅਤੇ ਹਰ ਇਕ ਨੂੰ ਆਪਣੇ ਆਪਣੇ ਫਨ ਵਿਚ ਮੁਹਾਰਤ ਹਾਸਲ ਸੀ।

ਅੱਜ ਦਾ ਆਲਮ ਇਹ ਹੈ ਕਿ ਕੁਝ ਕੁ ਗੁਰੂ ਸਵਾਰੇ ਹੀ ਮਿਹਨਤ ਕਰਨੀ ਲੋਚਦੇ ਹਨ। ਹਾਂ, ਜੇ ਕਿਸੇ ਕੀਰਤਨੀਏ ਨੇ ਆਪਣੀ ਲਗਨ ਤੇ ਮਿਹਨਤ ਦੇ ਬਲਬੂਤੇ ਗੁਰੂ ਦੇ ਭੈਅ ਵਿਚ ਰਹਿ ਕੇ ਤੰਤੀ ਸਾਜ਼ਾਂ ਦੁਆਰਾ ਨਿਰਧਾਰਤ ਰਾਗਾਂ ਵਿਚ ਸ਼ਬਦ ਗਾਇਣ ਕਰਕੇ, ਕੈਸਟਾਂ ਦੁਆਰਾ ਸਿੱਖ-ਜਗਤ ਵਿਚ ਆਪਣਾ ਸੁਨੇਹਾ ਭੇਜਿਆ ਹੈ ਤਾਂ ਉਸ ਦੀ ਮਿਹਨਤ ਦੀ ਖਾਸ ਕਦਰ ਵੀ ਨਹੀਂ ਹੋ ਸਕੀ।

ਤਿੰਨ ਕੁ ਦਹਾਕੇ ਪਿੱਛੇ ਝਾਤੀ ਮਾਰਨ ਤੇ ਪਤਾ ਚਲਦਾ ਹੈ ਕਿ ਜਿਤਨੇ ਵੀ ਗੁਰੂ ਦੇ ਮਹਾਨ ਕੀਰਤਨੀਏ, ਰਾਗੀ ਸਿੰਘ (ਰਾਗੀ ਜੱਥੇ) ਕੀਰਤਨ ਦੀ ਸੇਵਾ ਨੂੰ ਸਮਰਪਿਤ ਸਨ, ਉਹ ਜ਼ਿਆਦਾ ਕਰਕੇ ਖਾਨਦਾਨੀ ਤੇ ਕਿੱਤਾਮੁਖੀ ਰਵਾਇਤ ਨੂੰ ਅਗਾਂਹ ਤੋਰਨ ਲਈ ਕੀਰਤਨ ਦੀ ਲਾਈਨ ਅਖਤਿਆਰ ਕਰਦੇ ਅਤੇ ਸੀਨਾ ਬਸੀਨਾ ਚਲੀ ਆ ਰਹੀ, ਪਰੰਪਰਿਕ ਕੀਰਤਨ ਸ਼ੈਲੀ ਨੂੰ ਕਾਇਮ ਰੱਖਣ ਹਿੱਤ ਸ਼ਰਧਾ-ਸਤਿਕਾਰ ਸਹਿਤ ਸਿੱਖ ਸੰਗਤਾਂ ਦੇ ਰੂ-ਬ-ਰੂ ਹੁੰਦੇ। ਦੂਸਰੇ ਪ੍ਰਕਾਰ ਦੀ ਲਾਈਨ ਵਿਚ ਉਹ ਕੀਰਤਨੀਏ ਸਨ ਕਿ ਜਿਨ੍ਹਾਂ ਉੱਤੇ ਸਤਿਗੁਰੂ ਸੱਚੇ ਪਾਤਸ਼ਾਹ ਜੀ ਦੀ ਅਤਿ ਮਿਹਰ ਬਖਸ਼ਿਸ਼ ਹੋਈ, ਐਸੇ ਜਗਿਆਸੂਆਂ ਨੂੰ ਕੁਦਰਤੀ ਤੌਰ ਤੇ ਸੁਰੀਲੇ ਗਲੇ ਦੀ ਦਾਤ ਪ੍ਰਾਪਤ ਹੋ ਜਾਂਦੀ ਅਤੇ ਉਹ ਗੁਣੀ-ਜਨ ਕੀਰਤਨੀਆਂ ਤੋਂ ਪ੍ਰਭਾਵਿਤ ਅਤੇ ਪ੍ਰੇਰਿਤ ਹੋ ਕੇ ਜੀਅ ਤੋੜ ਮਿਹਨਤ ਨਾਲ ਉਸਤਾਦ ਕੀਰਤਨੀਆਂ ਪਾਸੋਂ ਰਿਆਜ਼ੀ ਸਿਖਲਾਈ ਲੈ ਕੇ ਮਿਆਰੀ ਕੀਰਤਨੀਆਂ ਦੇ ਕਾਫਲੇ ਵਿਚ ਸ਼ਾਮਲ ਹੋ ਆਪਣੇ ਵੱਡੇ ਭਾਗ ਜਾਣਦੇ। ਇਸ ਦੇ ਬਾਵਜੂਦ ਵੀ ਸਿੱਖ ਜਗਤ ਪਾਸ ਗਿਣਤੀ ਦੇ ਹੀ ਗੁਣੀ ਰਾਗੀ ਜੱਥੇ ਮੌਜੂਦ ਸਨ। ਤਮਾਮ ਸਿੱਖ ਸੰਗਤਾਂ ਨੂੰ ਅਗੰਮੀ ਤੇ ਨਿਰਧਾਰਤ ਕੀਰਤਨ ਦਾ ਰਸ ਮਾਣਨ ਲਈ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਜਨਮ ਭੂਮੀ, ਪਾਵਨ ਅਸਥਾਨ ਸ੍ਰੀ ਨਨਕਾਣਾ ਸਾਹਿਬ (ਹੁਣ ਪਾਕਿਸਤਾਨ ਵਿਚ) ਜਾਂ ਫਿਰ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਵੱਲ ਤੱਕਣਾ ਪੈਂਦਾ ਸੀ। ਪਰ ਅੱਜ ਇਹ ਹਾਲਤ ਹੈ ਕਿ ਹੁਣ ਸਾਨੂੰ ਗੁਰੂ ਸਾਹਿਬਾਨ ਵੱਲੋਂ ਬਖਸ਼ੀ ਉਸ ਮਹਾਨ ਕੀਰਤਨ ਸ਼ੈਲੀ ਤੋਂ ਹੀ ਵਿਰਵਾ ਹੋਣਾ ਪੈ ਰਿਹਾ ਹੈ ਤੇ ਜਿਸ ਕਰਕੇ ਅਸੀਂ ਅਰਸ਼ ਤੋਂ ਫਰਸ਼ ਵੱਲ ਪਰਤ ਰਹੇ ਹਾਂ। ਜ਼ਰਾ ਕੁ ਇਸ ਬਾਰੇ ਜ਼ਿਕਰ ਕਰਨ ਦਾ ਹੀਆ ਕਰ ਰਿਹਾ ਹਾਂ ਜੀ, ਖਿਮਾ ਦਾ ਜਾਚਕ ਹਾਂ।

ਉਪਰੋਕਤ ਕਿਸਮਾਂ ਦੇ ਖਾਨਦਾਨੀ ਅਤੇ ਸੁਰੀਲੇ ਗਲੇ ਵਾਲੇ ਰਿਆਜ਼ੀ ਕੀਰਤਨੀਆਂ ਤੋਂ ਇਲਾਵਾ ਇਕ ਅਜਿਹੀ ਜਮਾਤ ਵੀ ਸਾਹਮਣੇ ਆਈ, ਜਿਸ ਦਾ ਕਿ ਖਾਨਦਾਨੀ ਰਵਾਇਤ ਜਾਂ ਸੁਰ, ਲੈਅ, ਮਾਤਰ ਅਤੇ ਮਿਹਨਤੀ ਕੀਰਤਨੀਆਂ ਨਾਲ ਕੋਈ ਸਰੋਕਾਰ ਜਾਂ ਦੂਰ ਤੱਕ ਦਾ ਵੀ ਵਾਸਤਾ ਹੀ ਨਹੀਂ ਸੀ। ਬੇਸ਼ੱਕ ਕਾਇਦੇ ਮੁਤਾਬਿਕ ਕੀਰਤਨ ਕਰਨ ਦਾ ਹੱਕਦਾਰ ਸਿਰਫ ਤੇ ਸਿਰਫ ਉਹ ਹੀ ਵਿਅਕਤੀ ਹੈ, ਜੋ ਉਪਰੋਕਤ ਦੋ ਤਰ੍ਹਾਂ ਦੇ ਗੁਣਾਂ ਦਾ ਧਾਰਨੀ ਹੋਵੇ, (ਸਿੱਖ ਰਹਿਤ ਮਰਯਾਦਾ ਵਿਚ ਵੀ ਜ਼ਿਕਰ ਹੈ ਕਿ ਕੀਰਤਨ, ਉਸ ਨੂੰ ਕਹਿੰਦੇ ਹਨ ਜੋ ਨਿਰਧਾਰਤ ਰਾਗਾਂ ਵਿਚ ਹੋਵੇ, ਜੋਟੀਆਂ, ਧਾਰਨਾਂ ਜਾਂ ਤਰਜ਼ਾਂ ਨੂੰ ਕੀਰਤਨ ਨਹੀਂ ਕਹਿੰਦੇ) ਪਰ ਅੱਜ ਤਾਂ ਇਸ ਪਾਕ-ਪਵਿੱਤਰ ਅਮਾਨਤ ਵਿਚ ਵੀ ਖਿਆਨਤ ਦਾ ਭਰਪੂਰ ਬੋਲ ਬਾਲਾ ਹੋਣ ਲੱਗਾ ਹੈ। ਮੁਆਫ ਕਰਨਾ! ਹੁਣ ਕੋਈ ਜ਼ਰੂਰੀ ਨਹੀਂ ਰਿਹਾ ਕਿ ਅੱਜ ਦਾ ਕੀਰਤਨੀਆਂ ਗੁਣੀ ਤੇ ਸੁਰੀਲਾ ਹੋਵੇ, ਨਿਰਧਾਰਤ ਰਾਗਾਂ ਦੀ ਗਾਇਨ ਕਲਾ ਦਾ ਗਿਆਤਾ ਹੋਵੇ, ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਇਕੱਤੀ ਰਾਗਾਂ ਤੋਂ ਜਾਣੂ ਹੋਵੇ, ਗੁਰਮਤਿ ਸੰਗੀਤ ਦੀਆਂ ਬਾਰੀਕੀਆਂ ਤੋਂ ਵਾਕਿਫ ਹੋਵੇ ਅਤੇ ਜ਼ਬਾਨੀ ਅਥਾਹ ਸ਼ਬਦ ਬਾਣੀ ਕੰਠ ਹੋਵੇ, ਕਈ ਵੱਡੇ

ਤਾਲਾਂ ਵਿਚ ਗਾਇਨ ਕਰਦਾ ਹੋਵੇ, ਕੀਰਤਨੀਆਂ ਵਾਲੇ ਅਸਲ ਲਿਬਾਸ ਦਾ ਧਾਰਨੀ ਹੋਵੇ, ਸੋਦਰੁ ਰਹਿਰਾਸ ਦੀ ਚੌਂਕੀ ਅਤੇ ਬਸੰਤ ਕੀ ਵਾਰ ਦੀਆਂ ਪਉੜੀਆਂ ਲਾਉਣਾ ਜਾਣਦਾ ਹੋਵੇ, ਬਦਲਦੀਆਂ ਰੁੱਤਾਂ ਤੇ ਸਮੇਂ ਅਨੁਸਾਰ ਗਾਇਨ ਕਰਨ ਦੀ ਭਲੀ ਸੋਝੀ ਹੋਵੇ, ਆਪਣੇ ਸਹਾਇਕ ਕੀਰਤਨੀਆਂ ਨੂੰ ਸੁਨਹਿਰੀ ਪਰਾਂ ਅਤੇ ਭੁਜਾਂ ਵਾਂਗ ਜਾਣਦਾ ਹੋਇਆ, ਖੈਰ ਖਾਹੀ ਤੇ ਹੱਕ ਦਾ ਧਿਆਨ ਰੱਖਣ ਵਾਲਾ ਹੋਵੇ, ਗੁਰ ਜੱਸ ਕੀਰਤਨ ਨੂੰ ਸਿਰਫ ਬਿਜਨਸ ਹੀ ਨਾ ਜਾਣ ਕੇ ਕੇਵਲ ਤੇ ਕੇਵਲ ਸੱਚੀ-ਸੁੱਚੀ ਕਿਰਤ ਅਤੇ ਸਤਿਗੁਰੂ ਦਾ ਸ਼ੁਕਰਾਨਾ ਹੀ ਜਾਣਦਾ ਹੋਵੇ।

ਅੱਜ ਪੁਰਾਤਨ ਰੀਤੀ ਅਨੁਸਾਰ ਕੀਰਤਨ ਕਰਨ ਵਾਲੇ ਗੁਣੀ ਜਨਾਂ ਦੀ ਘੱਟ ਹੀ ਪੁਛ ਪ੍ਰਤੀਤ ਹੁੰਦੀ ਹੈ। ਲੇਕਿਨ ਪੂਰੀ ਉਮੀਦ ਹੈ ਕਿ ਸਿੱਖ ਸੰਗਤਾਂ, ਸਿੱਖ ਪੰਥ, ਪ੍ਰਮੁੱਖ ਪ੍ਰਬੰਧਕ ਅਤੇ ਪੰਥਕ ਜਥੇਬੰਦੀਆਂ ਪਾਰਖੂ ਬਣ ਕੇ ਉਭਰਨਗੀਆਂ ਅਤੇ ਗੁਰੂ ਆਸ਼ੇ ਤੇ ਸਿੱਖ ਰਹਿਤ ਮਰਯਾਦਾ ਵਿਚ ਅੰਕਿਤ ਕੀਰਤਨ ਕਰਨ ਦੀ ਵਿਧੀ ਨੂੰ ਅਮਲੀ ਜਾਮਾ ਪਹਿਨਾ ਕਿ ਗੁਰੂ ਨਾਨਕ ਪਾਤਸ਼ਾਹ ਜੀ ਦੀਆਂ ਖੁਸ਼ੀਆਂ ਪ੍ਰਾਪਤ ਕਰਨਗੀਆਂ। ਇੰਝ ਰੁਲ ਰਹੇ ਖਾਨਦਾਨੀ, ਰਿਆਜ਼ੀ ਤੇ ਮਿਹਨਤੀ ਕੀਰਤਨੀਆਂ ਲਈ ਧਰਵਾਸ ਬੱਝੇਗਾ ਤੇ ਨਾਲ ਹੀ ਬਣਦਾ ਮਾਣ ਸਨਮਾਨ ਵੀ ਪ੍ਰਾਪਤ ਹੋ ਸਕੇਗਾ। ਅੱਜਕੱਲ ਕੁਝ ਕੁ ਸਮੇਂ ਤੋਂ ਪੰਜਾਬ ਵਿਚ ਇਕ ਨਵਾਂ ਹੀ ਰੁਝਾਨ ਚੱਲਿਆ ਹੈ ਜੋ ਕਿ ਗੁਰਮਤਿ ਸੰਗੀਤ ਲਈ ਖਤਰੇ ਦੀ ਘੰਟੀ ਤੋਂ ਘੱਟ ਨਹੀਂ ਹੈ, ਜਿਸ ਬਾਰੇ ਅਤਿ ਸੰਜੀਦਗੀ ਨਾਲ ਸੁਚੇਤ ਅਤੇ ਜਾਗਰੂਕ ਹੋ ਕੇ ਸਟੈਂਡ ਲੈਣਾ ਪਵੇਗਾ। ਉਹ ਹੈ ਥਾਂ ਪੁਰ ਥਾਂ ਨਿਤ ਨਵੀਆਂ ਸੰਗੀਤ ਅਕੈਡਮੀਆਂ ਦਾ ਖੋਲ੍ਹਿਆ ਜਾਣਾ। ਗੁਰਬਾਣੀ ਕੀਰਤਨ ਦੇ ਪ੍ਰਚਾਰ ਤੇ ਪ੍ਰਸਾਰ ਲਈ ਸੰਗੀਤ ਅਕੈਡਮੀਆਂ ਜ਼ਰੂਰ ਹੋਣ ਪਰ ਉਨ੍ਹਾਂ ਦੀ ਦੇਖ ਰੇਖ ਅਤੇ ਪ੍ਰਬੰਧ ਦੀ ਜ਼ਿੰਮੇਵਾਰੀ ਸ਼੍ਰੋਮਣੀ ਗੁ. ਪ੍ਰ. ਕਮੇਟੀ ਨੂੰ ਹੀ ਲੈਣੀ ਬਣਦੀ ਹੈ।

# ਰਾਗ ਰਤਨ ਰਸਨਾ ਆਲਾਪ

ਕਰਤਾਰ ਸਿੰਘ ਨੀਲਧਾਰੀ : 162-ਏ, ਗਰੇਨ ਮਾਰਕੀਟ, ਮਧਿਆ ਮਾਰਗ ਚੰਡੀਗੜ੍ਹ

ਗੰਭੀਰਤਾ ਨਾਲ ਵਿਚਾਰਿਆ ਜਾਵੇ ਤਾਂ ਸਪਸ਼ਟ ਹੋ ਜਾਂਦਾ ਹੈ ਕਿ ਸ੍ਰਿਸ਼ਟੀ ਕਰਤਾ ਨੇ ਸ੍ਰਿਸ਼ਟੀ ਦੀ ਰਚਨਾ ਸੰਗੀਤ ਬੱਧ ਤਰੀਕੇ ਨਾਲ ਕੀਤੀ ਹੈ। ਸੱਤ ਅਕਾਸ਼ਾਂ ਤੇ ਸੱਤ ਪਤਾਲਾਂ ਵਿਚ ਸਿਮਟੀ ਸਾਡੇ ਸੂਰਜ ਪਰਿਵਾਰ ਦੀ ਪ੍ਰਮੁੱਖ ਰਚਨਾ ਇਸ ਪ੍ਰਿਥਵੀ ਵਿਚ ਸੰਗੀਤ ਦੇ ਵੀ ਸੱਤ ਹੀ ਸੁਰ ਹਨ। ਇਨ੍ਹਾਂ ਸੱਤ ਸੁਰਾਂ ਦੇ ਮਿਸ਼ਰਣ ਨਾਲ ਹੀ ਰਾਗ ਰਾਗਨੀਆਂ ਦਾ ਸਰੂਪ ਘੜਿਆ ਜਾਂਦਾ ਹੈ। ਸੁਰ ਸਾਧਨਾ ਅਤੇ ਆਲਾਪ-ਨਾਦ ਅਭਿਆਸ ਖੋਜੀ ਸੱਤ ਸੁਰਾਂ ਨਾਲ ਹੀ ਨਵੇਂ ਨਵੇਂ ਰਾਗ ਰਾਗਨੀਆਂ ਦੀ ਰਚਨਾ ਕਰਦੇ ਆ ਰਹੇ ਹਨ। ਸੁਰ ਸਾਧਨਾ ਅਤੇ ਨਾਦ-ਆਲਾਪ ਦੇ ਅਭਿਆਸ ਨਾਲ ਸਰੀਰ, ਸਿਹਤ ਅਤੇ ਮਾਨਸਿਕਤਾ ਨੂੰ ਵੱਖਰਾ ਹੀ ਬਲ ਮਿਲਦਾ ਹੈ। ਸੰਗੀਤ ਸਾਧਨਾ ਆਪਣੇ ਆਪ ਵਿਚ ਇਕ ਏਕਾਗਰਤਾ ਭਰਿਆ ਤਪ ਹੈ। ਇਹ ਤਪ ਕਿਸੇ ਹਠਯੋਗ ਤੋਂ ਘੱਟ ਅਉਖਾ ਨਹੀਂ।

ਸੰਗੀਤ ਸਾਧਕ ਨੂੰ ਸੰਗੀਤ ਅਭਿਆਸ ਵਿਚ ਕੁਸ਼ਲਤਾ ਪ੍ਰਾਪਤ ਕਰਨ ਲਈ ਆਹਾਰ ਵਿਚ ਕਈ ਪ੍ਰਕਾਰ ਦੇ ਸੰਜਮ ਰੱਖਣੇ ਜ਼ਰੂਰੀ ਹੁੰਦੇ ਹਨ। ਸੰਗੀਤਕਾਰ ਜੇਕਰ ਸੰਗੀਤ ਸੁਰ ਸਾਧਨਾ ਵਿਚ ਲੋਕਰੰਜਨ ਦੀ ਥਾਂ ਭਗਤੀ ਵੱਲ ਪ੍ਰਵਿਰਤ ਹੋ ਜਾਂਦਾ ਹੈ ਤਾਂ ਭਗਤੀ ਬੜੀ ਛੇਤੀ ਸਫਲ ਹੋ ਜਾਂਦੀ ਹੈ। ਭਗਤੀ ਅਰਾਧਨਾ ਲਈ ਜ਼ਰੂਰੀ ਲਗਨ (ਸ਼ਰਧਾ-ਵਿਸ਼ਵਾਸ਼) ਨਾਲ ਉਸ ਦੇ ਮਨ ਦਾ ਬਿਖਰਾਵ ਮਿਟ ਚੁੱਕਿਆ ਹੁੰਦਾ ਹੈ ਅਤੇ ਏਕਾਗਰਤਾ ਨਾਲ ਇਕ ਪੜਾਵ ਤੇ ਪੁੱਜ ਕੇ ਹੀ ਉਹ ਸੰਗੀਤ ਗਾਇਨ ਵਾਦਨ ਦਾ ਅਸਲੀ ਰਸ ਲੈ ਸਕਦਾ ਹੈ ਅਤੇ ਸ੍ਰੋਤਿਆਂ ਨੂੰ ਵੰਡਣ ਵਿਚ ਸਫਲ ਹੁੰਦਾ ਹੈ।

*ਗੁਣ ਗੋਵਿੰਦ ਗਾਵਹੁ ਸਭਿ ਹਰਿਜਨ*
*ਰਾਗ ਰਤਨ ਰਸਨਾ ਆਲਾਪ॥* (ਪੰਨਾ 818)

ਸੰਗੀਤ ਦੀ ਅੰਮ੍ਰਿਤ ਧਾਰਾ ਨਾਲ ਬਣੀ ਹੋਈ ਸਾਂਝ ਹੀ ਸੰਗੀਤਕਾਰ ਨੂੰ ਸ੍ਰੋਤਿਆਂ ਵਿਚ ਪ੍ਰਸ਼ੰਸ਼ਾਯੋਗ ਬਣਾਉਂਦੀ ਹੈ। ਇਸੇ ਕਰਕੇ ਜਿਹੜੇ ਰਾਗੀ ਕੀਰਤਨੀਏ ਗੁਰਬਾਣੀ ਦੇ ਭਾਵ ਅਰਥ ਨਾਲ ਜੁੜ ਕੇ ਕੀਰਤਨ ਕਰਦੇ ਹਨ ਉਹ ਆਪ ਵੀ ਅਲੌਕਿਕ ਅੰਮ੍ਰਿਤ ਰਸ ਦਾ ਪਾਨ ਕਰਦੇ ਹਨ ਅਤੇ ਸ੍ਰੋਤਾ ਸੰਗਤਾਂ ਨੂੰ ਵੀ ਮੰਤ੍ਰ ਮੁਗਧ ਕਰ ਦਿੰਦੇ ਹਨ। ਸ਼ਬਦ ਵਿਸ਼ੇਸ਼ ਦਾ ਗਾਇਨ ਕੇਵਲ ਕੰਠ ਤੋਂ ਹੋ ਰਿਹਾ ਹੈ ਜਾਂ ਹਿਰਦੇ ਤੋਂ ਹੋ ਰਿਹਾ ਹੈ ਇਸ ਦੀ ਕਸੌਟੀ ਇਹੋ ਹੈ ਕਿ ਕੰਠ ਦਾ ਗਾਇਆ ਸ਼ਬਦ ਕੰਨਾਂ ਤੱਕ ਪੁੱਜਦਾ ਹੈ ਅਤੇ ਹਿਰਦੇ 'ਚੋਂ ਨਿਕਲਿਆ ਗਾਇਨ ਸ੍ਰੋਤੇ ਦੇ ਹਿਰਦੇ ਨੂੰ ਟਕੋਰਦਾ ਹੈ। ਭਗਤੀ ਨਾਲ ਜੁੜੇ ਕੀਰਤਨੀਏ ਆਪਣੀ ਸੰਜਮੀ ਜੀਵਨ ਸ਼ੈਲੀ ਵਿਚ ਮਨ ਦੀ ਲਗਨ ਨਾਲ ਅਨਹਦ ਨਾਦ ਨਾਲ ਸਾਂਝ ਪਾਉਣ ਵਿਚ ਵੀ ਸਫਲ ਹੋ ਜਾਂਦੇ ਹਨ ਤੇ ਸੰਸਾਰ ਵਿਚ ਸੰਤ ਮਹਾਂਪੁਰਸ਼ ਸੱਦੇ ਜਾਂਦੇ ਹਨ। ਆਟਾ ਮੰਡੀ ਅੰਮ੍ਰਿਤਸਰ ਦੇ ਬਾਬਾ ਸ਼ਾਮ ਸਿੰਘ ਜੀ ਅਜਿਹੇ ਸੰਤ ਰਾਗੀ ਹੋਏ ਹਨ ਜਿਨ੍ਹਾਂ ਦੀ ਤੁਲਨਾ ਇਕ ਪੱਖੋਂ ਬਾਬਾ ਹਰੀਦਾਸ ਜੀ ਨਾਲ ਕੀਤੀ ਜਾ ਸਕਦੀ ਹੈ। ਬਾਬਾ ਸ਼ਾਮ ਸਿੰਘ ਜੀ ਤੋਂ ਹੀ ਪ੍ਰੇਰਣਾ ਲੈ ਕੇ ਬਾਬਾ ਗੁਰਮੁਖ ਸਿੰਘ ਜੀ ਨੇ ਸਰੋਵਰ ਦੀ ਹੰਸਲੀ ਦੀ ਸੇਵਾ ਆਰੰਭੀ ਸੀ ਅਤੇ ਅੱਜ ਕਾਰ ਸੇਵਾ ਦਾ ਬੋਹੜ ਵੱਡਾ ਸੰਪ੍ਰਦਾਇਕ ਸੰਗਠਨ ਬਣ ਚੁੱਕਿਆ ਹੈ ਅਤੇ ਪਿਛਲੇ ਸੱਤ ਦਹਾਕਿਆਂ ਵਿਚ ਗੁਰਦੁਆਰਿਆਂ ਦਾ ਵਿਕਾਸ ਸੰਸਾਰੀਆਂ ਨੂੰ ਅਚੰਭਿਤ ਕਰਦਾ ਹੈ।

ਚਰਚਾ ਸੰਗੀਤ ਸਾਧਨਾ ਦੀ ਚਲੀ ਸੀ ਜੋ ਭਗਤੀ, ਮਾਨਸਿਕ ਸ਼ਕਤੀ ਤੇ ਪੜਾਅ ਲੰਘ ਕੇ ਕਾਰ ਸੇਵਾ ਜਾਂ ਸਮਾਜ ਸੇਵਾ ਦੇ ਆਦਰਸ਼ਾਂ ਦੇ ਬਿਆਨ ਵੱਲ ਤੁਰ ਪਈ ਹੈ। ਸੰਗੀਤ ਦੇ ਸੱਤ ਸੁਰਾਂ ਦੇ ਗਾਇਨ ਨਾਲ ਸ਼ਰੀਰ ਅਤੇ ਸਿਹਤ ਨੂੰ ਕੀ ਬਲ ਮਿਲਦਾ ਹੈ ਇਸ ਦਾ ਵਿਚਾਰ ਇਸ ਲੇਖ ਦਾ ਮੁੱਖ ਵਿਸ਼ਾ ਹੈ। ਸੰਗੀਤ ਦੇ ਸੱਤ ਸੁਰਾਂ ਦੇ ਨਾਮ ਹਨ- ਸਾ, ਰੇ, ਗਾ, ਮਾ, ਪਾ, ਧ, ਨਿ। ਇਨ੍ਹਾਂ ਸੁਰਾਂ ਦੇ ਉਦਗਮ ਸਥਾਨ, ਸੁਭਾਅ ਅਤੇ ਅਧਿਸ਼ਠਾਤਾ ਦੇ ਚਿੰਤਨ ਨਾਲ ਪ੍ਰਕਿਰਤੀ ਦੀ ਸੁਰ ਸੰਗੀਤ ਵਿਧਾ ਨਾਲ ਸੁਮੇਲ ਦਾ ਮਨਨ ਜ਼ਰੂਰ ਆਨੰਦਕਾਰੀ ਲੱਗੇਗਾ। ਜਦੋਂ ਚਿੰਤਨ ਮਨਨ ਸੰਗੀਤ ਦਾ ਹੋਵੇ ਤਾਂ ਫੇਰ ਮਾਨਸਿਕ ਤਨਾਵ ਦਾ ਕੀ ਕੰਮ ਹੈ ਅਤੇ ਆਉ ਸੱਤ ਸੁਰਾਂ ਨੂੰ ਗੁਨਗੁਨਾ ਲਈਏ।

*ਪੰਚ ਬਜਿਤ੍ਰ ਕਰੇ ਸੰਤੋਖਾ*
*ਸਾਤ ਸੁਰਾ ਲੈ ਚਾਲੈ॥* (ਪੰਨਾ 885)

*ਸਾ (ਸ਼ਡਜ)* - ਨਾਸਿਕਾ, ਕੰਠ, ਹਿਰਦਾ, ਤਾਲੂ, ਜੀਭ ਅਤੇ ਦੰਦ - ਇਨ੍ਹਾਂ ਛੇ ਥਾਵਾਂ ਦੇ ਸਹਿਯੋਗ ਨਾਲ

ਪੈਦਾ ਹੋਣ ਕਰਕੇ ਹੀ ਇਸ ਨੂੰ ਸ਼ਡਜ ਕਹਿੰਦੇ ਹਨ। ਹੋਰ ਛੇ ਸੁਰਾਂ ਦੀ ਉਤਪਤੀ ਦਾ ਆਧਾਰ ਹੋਣ ਕਾਰਣ ਵੀ ਇਸ ਨੂੰ ਸ਼ਡਜ ਕਿਹਾ ਜਾਂਦਾ ਹੈ। ਇਸਦਾ ਸੁਭਾਵ ਠੰਡਾ, ਰੰਗ ਗੁਲਾਬੀ ਅਤੇ ਸਥਾਨ ਨਾਭੀ ਪ੍ਰਦੇਸ਼ ਹੈ। ਇਸਦਾ ਦੇਵਤਾ ਅਗਨੀ ਹੈ। ਇਹ ਸੁਰ ਪਿਤਜ ਰੋਗਾਂ ਦਾ ਨਾਸ ਕਰਦਾ ਹੈ।

*ਉਦਾਹਰਣ* - ਮੋਰ ਦਾ ਸੁਰ ਸ਼ਡਜ ਹੁੰਦਾ ਹੈ।

*ਰੇ (ਰਿਸ਼ਭ)* - ਨਾਭੀ ਹੋ ਉਠਦਾ ਹੋਇਆ ਵਾਯੂ ਜਦੋਂ ਕੰਠ ਅਤੇ ਸ਼ੀਰਸ਼ (ਤਾਲੂ) ਨਾਲ ਟਕਰਾਕੇ ਧਵਨੀ ਕਰਦਾ ਹੈ ਤਾਂ ਉਸ ਸੁਰ ਨੂੰ ਰੇ (ਰਿਸ਼ਭ) ਕਹਿੰਦੇ ਹਨ। ਇਸਦੀ ਪ੍ਰਕਿਰਤੀ ਸ਼ੀਤਲ ਅਤੇ ਖੁਸ਼ਕ, ਰੰਗ ਹਰਾ ਅਤੇ ਪੀਲਾ ਮਿਲਿਆ ਹੋਇਆ ਅਤੇ ਸਥਾਨ ਹਿਰਦੇ ਪ੍ਰਦੇਸ਼ ਹੈ। ਇਸਦਾ ਦੇਵਤਾ ਬ੍ਰਹਮਾ ਹੈ। ਇਹ ਸੁਰ ਕਫ ਅਤੇ ਪਿਤ ਪ੍ਰਧਾਨ ਰੋਗਾਂ ਦਾ ਨਿਰਾਕਰਣ ਕਰਦਾ ਹੈ।

*ਉਦਾਹਰਣ* - ਪਪੀਹੇ ਦਾ ਸੁਰ ਰਿਸ਼ਭ ਹੁੰਦਾ ਹੈ।

*ਗ (ਗੰਧਾਰ)* - ਨਾਭੀ ਤੋਂ ਉਠਿਆ ਵਾਯੂ ਜਦੋਂ ਕੰਠ ਅਤੇ ਤਾਲੂ ਨਾਲ ਟਕਰਾਕੇ ਨਾਸਿਕਾ ਦੀ ਗੰਧ ਨਾਲ ਰਲ ਕੇ ਨਿਕਲਦਾ ਹੈ ਤਾਂ ਇਸਨੂੰ ਗੰਧਾਰ ਕਹਿੰਦੇ ਹਨ। ਇਸਦਾ ਸੁਭਾਅ ਠੰਡਾ, ਰੰਗ ਨਾਰੰਗੀ ਅਤੇ ਸਥਾਨ ਫੇਫੜਿਆਂ ਵਿਚ ਹੈ। ਇਸ ਦੀ ਦੇਵਤਾ ਸਰਸਵਤੀ ਹੈ। ਇਹ ਪਿਤਜ਼ ਰੋਗਾਂ ਦਾ ਨਾਸ ਕਰਦਾ ਹੈ।

*ਉਦਾਹਰਣ* - ਬਕਰੇ ਦਾ ਸੁਰ ਗੰਧਾਰ ਹੁੰਦਾ ਹੈ।

*ਮ (ਮਧਿਅਮ)* - ਨਾਭੀ ਤੋਂ ਉਠਿਆ ਵਾਯੂ ਜਦੋਂ ਉਰ ਪ੍ਰਦੇਸ਼ ਹਿਰਦੇ ਨਾਲ ਟਕਰਾਕੇ ਮੱਧ ਭਾਗ ਵਿਚ ਨਾਦ ਕਰਦਾ ਹੈ ਤਾਂ ਉਸਨੂੰ ਮੱਧਮ ਸੁਰ ਕਹਿੰਦੇ ਹਨ। ਇਸਦਾ ਸੁਭਾਅ ਖੁਸ਼ਕ, ਰੰਗ ਗੁਲਾਬੀ ਅਤੇ ਪੀਲਾ ਮਿਸ਼੍ਰਿਤ ਅਤੇ ਸਥਾਨ ਕੰਠ ਹੈ। ਇਸਦੀ ਪ੍ਰਕਿਰਤੀ ਚੰਚਲ ਹੈ ਇਸ ਸੁਰ ਦੇ ਦੇਵਤਾ ਮਹਾਂਦੇਵ ਹੈ। ਇਹ ਵਾਤ ਤੇ ਕਫ ਰੋਗਾਂ ਦਾ ਨਾਸ ਕਰਦਾ ਹੈ।

*ਉਦਾਹਰਣ*- ਕਊਆ ਮਧਿਅਮ ਸੁਰ ਵਿਚ ਬੋਲਦਾ ਹੈ।

*ਪ (ਪੰਚਮ)* - ਨਾਭੀ, ਉਰ, ਹਿਰਦਾ, ਕੰਠ ਅਤੇ ਸ਼ੀਰਸ਼- ਇਹਨਾਂ ਪੰਜ ਸਥਾਨਾਂ ਨੂੰ ਸਪਰਸ਼ ਕਰਨ ਕਰਕੇ ਇਸ ਨੂੰ ਪੰਚਮ ਕਹਿੰਦੇ ਹਨ। ਸੱਤ ਸੁਰਾਂ ਵਿਚ ਪੰਜਵੇਂ ਸਥਾਨ ਤੇ ਹੋਣ ਕਰਕੇ ਵੀ ਪੰਚਮ ਕਿਹਾ ਜਾਂਦਾ ਹੈ। ਇਸ ਦੀ ਪ੍ਰਕਿਰਤੀ ਉਤਸ਼ਾਹ ਪੂਰਨ, ਰੰਗ ਲਾਲ ਅਤੇ ਸਥਾਨ ਮੁੱਖ ਹੈ। ਇਸਦੀ ਦੇਵਤਾ ਲਕਸ਼ਮੀ ਕਿਹਾ ਗਿਆ ਹੈ। ਇਹ ਕਫ ਪ੍ਰਧਾਨ ਰੋਗਾਂ ਦਾ ਦਮਨ ਕਰਦਾ ਹੈ।

*ਉਦਾਹਰਣ* - ਕੋਇਲ ਪੰਚਮ ਸੁਰ ਵਿਚ ਕੂਕਦੀ ਹੈ।

*ਧ (ਧੈਵਤ)* - ਪਹਿਲੇ ਪੰਜ ਸੁਰਾਂ ਦਾ ਅਨੁਸੰਧਾਨ ਕਰਨ ਵਾਲੇ ਇਸ ਸੁਰ ਦੀ ਪ੍ਰਕਿਰਤੀ ਚਿੱਤ ਨੂੰ ਪ੍ਰਸੰਨ ਅਤੇ ਉਦਾਸੀਨ ਦੋਵੇਂ ਬਣਾਉਂਦੀ ਹੈ। ਇਸਦਾ ਸਥਾਨ ਤਾਲੂ ਅਤੇ ਦੇਵਤਾ ਗਣੇਸ਼ ਹੈ। ਇਹ ਪਿਤਜ਼ ਰੋਗਾਂ ਦਾ ਸ਼ਮਨ ਕਰਦਾ ਹੈ।

*ਉਦਾਹਰਣ* - ਮੇਡਕ (ਡੱਡੂ) ਦਾ ਸਵਰ।

ਨਿ (ਨਿਸ਼ਾਦ) - ਇਹ ਸੁਰ ਆਪਣੀ ਤੀਬਰਤਾ ਨਾਲ ਸਾਰੇ ਸੁਰਾਂ ਨੂੰ ਦਬਾ ਦੇਂਦਾ ਹੈ ਅਤੇ ਇਸ ਨੂੰ ਨਿਸ਼ਾਦ ਕਿਹਾ ਗਿਆ ਹੈ। ਇਸਦਾ ਸੁਭਾਵ ਠੰਡਾ-ਖੁਸ਼ਕ, ਰੰਗ ਕਾਲਾ ਅਤੇ ਸਥਾਨ ਨਾਸਿਕਾ ਹੈ। ਇਸਦੀ ਪ੍ਰਕਿਰਤੀ ਜੋਸ਼ੀਲੀ ਅਤੇ ਪ੍ਰਸੰਨਤਾ ਦਾਇਕ ਹੈ। ਇਸਦਾ ਦੇਵਤਾ ਸੂਰਜ ਹੈ। ਇਹ ਵਾਤਜ ਰੋਗਾਂ ਦਾ ਸ਼ਮਨ ਕਰਦਾ ਹੈ।

*ਉਦਾਹਰਣ* - ਹਾਥੀ ਦਾ ਸੁਰ।

ਲੇਖ "ਸਵਾਸਥਯ ਪਰ ਸੰਗੀਤ ਕੇ ਸਵਰੋਂ ਕਾ ਪ੍ਰਭਾਵ" ਲੇਖਕ ਡਾਕਟਰ ਪ੍ਰੇਮ ਪ੍ਰਕਾਸ਼ ਜੀ ਕਲਿਆਨ ਜਨਵਰੀ ਫਰਵਰੀ ਅੰਕ 2001 ਈ. ਦੇ ਆਧਾਰ ਤੇ ਸੁਰਾਂ ਦੀ ਉਪਰੋਕਤ ਜਾਣਕਾਰੀ ਦਿੱਤੀ ਗਈ ਹੈ। ਸੁਰਾਂ ਦੇ ਗਾਇਨ ਨਾਲ ਸਰੀਰ ਦੇ ਜਿਹੜੇ ਹਿੱਸੇ ਤੇ ਖਿੱਚ ਪੈਂਦੀ ਹੈ ਉਸਦਾ ਪ੍ਰਭਾਵ ਪ੍ਰਾਣਾਯਾਮ ਦਾ ਇਕ ਅੰਗ ਬਣ ਜਾਂਦੀ ਹੈ। ਪ੍ਰਾਣਾਯਾਮ ਵਿਚ ਸਵਾਸ ਕਿਰਿਆ ਵਿਚ ਪੂਰਕ, ਕੁੰਭਕ ਤੇ ਰੇਚਕ ਰਾਹੀਂ ਪਾਨ ਤੇ ਅਪਾਨ ਵਾਯੂ ਸਾਧੀ ਜਾਂਦਾ ਹੈ ਅਤੇ ਸਰੀਰ ਸੋਧਿਆ ਜਾਂਦਾ ਹੈ। ਸੁਰ ਸਾਧਨਾ ਤੇ ਆਲਾਪ ਵਿਚ ਸਰੀਰ ਦੇ ਵੱਖ ਵੱਖ ਅੰਗਾਂ ਦੀ ਸਵਾਸ-ਕਸਰਤ ਹੋ ਜਾਂਦੀ ਹੈ ਅਤੇ ਉਤਪਤੀ ਤੇ ਪ੍ਰਸਾਰਨ ਸਥਾਨ ਦੇ ਹਿਸਾਬ ਨਾਲ ਵਾਤ, ਪਿਤ ਤੇ ਕਫ ਰੋਗਾਂ ਦਾ ਨਿਰਾਕਰਣ ਹੁੰਦਾ ਹੈ। ਮਨ ਦੀ ਨਿਰਮਲਤਾ ਬਾਰੇ ਪਹਿਲਾਂ ਹੀ ਚਰਚਾ ਕੀਤੀ ਜਾ ਚੁੱਕੀ ਹੈ। ਨਿਰਮਲ ਮਨ ਸੁਅਸਥ ਦੇਹੀ ਦਾ ਰਾਖਾ ਹੁੰਦਾ ਹੈ ਕਿਉਂਕਿ ਮਾਨਸਿਕ ਤਨਾਵਾਂ ਨਾਲ ਸ਼ਰੀਰ ਦੇ ਨਾੜੀ ਤੰਤ੍ਰ ਦਾ ਕੰਟਰੋਲ ਢਿੱਲਾ ਹੋ ਜਾਂਦਾ ਹੈ ਜਿਸ ਨਾਲ ਸਭ ਤੋਂ ਪਹਿਲਾਂ ਪਾਚਨ ਵਿਗੜਦਾ ਹੈ ਤੇ ਮਗਰੋਂ ਸਾਰਾ ਸਰੀਰ ਇਸ ਵਿਗਾੜ ਨਾਲ ਪ੍ਰਭਾਵਿਤ ਹੁੰਦਾ ਹੈ। ਉੱਚੀ ਸੁਰ ਵਿਚ ਗੁਰਬਾਣੀ ਪੜ੍ਹੀ ਜਾਏ ਤਾਂ ਵੀ ਮਗਰੋਂ ਕਾਫੀ ਭੁੱਖ ਲੱਗਦੀ ਹੈ ਤੇ ਕੀਰਤਨੀਏ ਜਾਂ ਸੰਗੀਤਕਾਰ ਨੂੰ ਅਭਿਆਸ ਤੋਂ ਬਾਅਦ ਨਰੋਈ ਤੇ ਬਲਦਾਇਕ ਖੁਰਾਕ ਦੀ ਜ਼ਰੂਰਤ ਹੁੰਦੀ ਹੈ। ਸੰਜਮੀ ਸਾਧਕ ਆਪਣੇ ਆਹਾਰ ਤੇ ਸੰਜਮ ਰੱਖਦੇ ਹਨ ਅਤੇ ਅੱਸੀ ਅੱਸੀ ਸਾਲ ਦੀ ਉਮਰ ਵਿਚ ਵੀ ਗਾਇਨ-ਸੰਗੀਤ ਦਾ ਅੰਮ੍ਰਿਤ ਵੰਡਣ ਵਿਚ ਸਮਰਥ ਹੁੰਦੇ ਹਨ।

# ਤਬਲਾ ਵਾਦਕ- ਭਾਈ ਦਰਸ਼ਨ ਸਿੰਘ ਜੀ

ਭਾਈ ਅਵਤਾਰ ਸਿੰਘ 'ਹੰਸ' : ਗੁਰਬਾਣੀ ਕੀਰਤਨ ਅਕੈਡਮੀ, ਪਟਿਆਲਾ ਗੇਟ, ਸੰਗਰੂਰ

ਕੀਰਤਨ ਵਿਚ ਤਬਲਾ ਇਸ ਤਰ੍ਹਾਂ ਵਜਾਉਣਾ ਚਾਹੀਦਾ ਹੈ ਜਿਸ ਨਾਲ ਕੀਰਤਨ ਦੇ ਪ੍ਰਭਾਵ ਵਿਚ ਵਾਧਾ ਹੋਵੇ। ਕਈ ਇਸ ਤਰ੍ਹਾਂ ਕੀਰਤਨ ਨਾਲ ਤਬਲਾ ਵਜਾਉਂਦੇ ਹਨ ਜਿਵੇਂ ਸੋਲੋ ਪੇਸ਼ ਕਰ ਰਹੇ ਹੋਣ। ਇੰਝ ਲੱਗਦਾ ਹੈ ਜਿਵੇਂ ਕੀਰਤਨੀਆਂ, ਤਬਲਾ ਵਾਦਕ ਨਾਲ ਸੰਗਤ ਕਰ ਰਿਹਾ ਹੋਵੇ। ਤਬਲਾ ਕੀਰਤਨ ਉੱਤੇ ਭਾਰੂ ਨਹੀ ਹੋਣਾ ਚਾਹੀਦਾ। ਤਾਂ ਹੀ ਕੀਰਤਨ ਦਾ ਅਨੰਦ ਆਵੇਗਾ।

ਤਬਲੇ ਬਾਰੇ ਇਹ ਵਿਚਾਰ ਹਨ -ਭਾਈ ਸਾਹਿਬ ਦਰਸ਼ਨ ਸਿੰਘ ਹੁਰਾਂ ਦੇ, ਜੋ ਲਗਭਗ 25 ਸਾਲਾਂ ਤੋਂ ਕੀਰਤਨ ਨਾਲ ਤਬਲਾ ਵਜਾਉਂਦੇ ਆ ਰਹੇ ਹਨ। ਬਹੁਤ ਵਧੀਆ ਤਬਲਾ ਵਾਦਕ ਹਨ।

ਭਾਈ ਦਰਸ਼ਨ ਸਿੰਘ ਦਾ ਜਨਮ 1961 ਵਿਚ ਮਾਤਾ ਪ੍ਰਸਿੰਨ ਕੌਰ ਦੀ ਕੁਖੋ ਸ. ਨਾਜਰ ਸਿੰਘ ਦੇ ਘਰ ਪਿੰਡ ਲੌਂਗੋਵਾਲ ਜ਼ਿਲਾ ਸੰਗਰੂਰ ਵਿਖੇ ਹੋਇਆ।

ਭਾਈ ਦਰਸ਼ਨ ਸਿੰਘ ਦੇ ਵੱਡੇ ਭਰਾਤਾ ਭਾਈ ਸਾਹਿਬ ਭਾਈ ਪ੍ਰੀਤਮ ਸਿੰਘ ਜੀ 'ਲੋਹਗੀ' ਮੰਨੇ ਪ੍ਰਮੰਨੇ ਰਾਗੀ ਹਨ। ਇਸੇ ਕਰਕੇ ਇਨ੍ਹਾਂ ਨੂੰ ਬਚਪਨ ਵਿਚ ਹੀ ਸੰਗੀਤ ਨਾਲ ਲਗਾਉ ਹੋ ਗਿਆ। ਤਬਲਾ ਸਿੱਖਣ ਦਾ ਸ਼ੌਕ ਜਾਗਿਆ। ਛੋਟੀ ਉਮਰੇ ਹੀ ਪਿਤਾ ਜੀ ਨੇ ਦਰਸ਼ਨ ਸਿੰਘ ਨੂੰ ਪ੍ਰਸਿੱਧ ਗੁਰਮਤਿ ਸੰਗੀਤ ਵਿਦਿਆਲਾ ਮਸਤੂਆਣਾ ਸਾਹਿਬ ਵਿਖੇ ਦਾਖਲ ਕਰਵਾ ਦਿੱਤਾ ਉਥੇ ਇਹਨਾਂ ਨੇ ਸੰਗੀਤ ਅਚਾਰੀਆ ਉਸਤਾਦ ਰਾਗੀ ਜਸਵੰਤ ਸਿੰਘ ਜੀ 'ਤੀਬਰ' ਸਾਹਿਬ ਤੋਂ ਤਬਲਾ ਸਿੱਖਣਾ ਸ਼ੁਰੂ ਕੀਤਾ ਕਈ ਮਹੀਨੇ ਸਿੱਖੇ। ਫਿਰ ਤੀਬਰ ਸਾਹਿਬ ਦੇ ਮਹਿਤਾ ਚੌਕ ਜਾਣ ਕਾਰਣ ਆਪ ਉਥੋ ਆ ਗਏ। ਫਿਰ ਇਨ੍ਹਾਂ ਨੇ ਸ੍ਰੀ ਦਰਬਾਰ ਸਾਹਿਬ ਮੁਕਤਸਰ ਸਾਹਿਬ ਦੇ ਹਜੂਰੀ ਰਾਗੀ ਭਾਈ ਗੁਰਚਰਨ ਸਿੰਘ ਜੀ ਉਸਤਾਦ ਧਾਰਿਆ। ਉਹਨਾਂ ਤੋਂ 6 ਸਾਲ ਤਬਲਾ ਸਿੱਖਿਆ ਤੇ ਸੰਤ ਰਾਮ ਸਿੰਘ ਜੀ ਤੋਂ ਗੁਰਬਾਣੀ ਦੀ ਸਿੱਖਿਆ ਲਈ ਇਸ ਤਰ੍ਹਾਂ ਚੰਗੇ ਉਸਤਾਦਾਂ ਤੋਂ ਸੇਵਾ ਭਾਵਨਾ ਨਾਲ ਸਿੱਖ ਕੇ ਮਿਹਨਤ ਕਰਕੇ ਆਪ ਵਧੀਆ ਤਬਲਾ ਵਾਦਕ ਬਣ ਗਏ। 1981 ਵਿਚ ਆਪ ਭਾਈ ਪ੍ਰੀਤਮ ਸਿੰਘ ਦੇ ਜੱਥੇ ਵਿਚ ਸ਼ਾਮਲ ਹੋ ਗਏ ਤੇ ਗੁ. ਗੁਰਸਾਗਰ ਮਸਤੂਆਣਾ ਸਾਹਿਬ ਵਿਖੇ ਡਿਊਟੀ ਆਰੰਭ ਦਿੱਤੀ ਕੁਝ ਸਮਾਂ ਗੁ. ਹਾਜੀ ਰਤਨ ਬਠਿੰਡਾ ਵਿਖੇ ਵੀ ਸੇਵਾ ਕੀਤੀ।

ਸੰ. 1983 ਵਿਚ ਭਾਈ ਦਰਸ਼ਨ ਸਿੰਘ ਸ਼੍ਰੋਮਣੀ ਗੁ. ਪ੍ਰਬੰਧਕ ਕਮੇਟੀ ਵਿਚ ਭਰਤੀ ਹੋ ਗਏ ਰਾਗੀ ਭਾਈ ਇੰਦਰਜੀਤ ਸਿੰਘ ਬੁੱਢਾ ਜੌਹੜ ਦੇ ਜੱਥੇ ਨਾਲ ਗੁ. ਪਾਤਿਸ਼ਾਹੀ ਦੀ ਜੀਂਦ ਵਿਖੇ ਕੀਰਤਨ ਸੇਵਾ ਸ਼ੁਰੂ ਕੀਤੀ ਫਿਰ ਭਾਈ ਮੱਖਣ ਸਿੰਘ ਹਜੂਰੀ ਰਾਗੀ ਸ੍ਰੀ ਦਰਬਾਰ ਸਾਹਿਬ ਮੁਕਤਸਰ ਨਾਲ ਮੁਕਤਸਰ ਸਾਹਿਬ ਵਿਖੇ ਫਿਰ ਗੁ. ਨਨਕਿਆਣਾ ਸਾਹਿਬ ਸੰਗਰੂਰ ਅਤੇ ਬਾਬਾ ਮੁਖਤਿਆਰ ਸਿੰਘ 'ਮੁਖੀ' ਨਾਲ ਗੁ. ਘੋੜਿਆਂ ਵਾਲਾ ਨਾਭਾ ਵਿਖੇ ਕਈ ਸਾਲ ਤਬਲਾ ਵਜਾਉਣ ਦੀ ਸੇਵਾ ਕਰਦੇ ਰਹੇ।

ਇਸ ਤਰ੍ਹਾਂ 25 ਸਾਲ ਆਪ ਜੀ ਨੇ ਸ਼੍ਰੋਮਣੀ ਕਮੇਟੀ ਵਿਚ ਸਰਵਿਸ ਕੀਤੀ।

1996 ਵਿਚ ਆਪ ਭਾਈ ਗੁਰਮੇਲ ਸਿੰਘ ਰਾਗੀ ਨਾਲ ਕਨੇਡਾ ਗਏ। ਫਿਰ ਭਾਈ ਅਮੀਰ ਸਿੰਘ ਜੀ ਸਾਬਕਾ ਹਜੂਰੀ ਰਾਗੀ ਗੁ. ਦੁਖ ਨਿਵਾਰਨ ਪਟਿਆਲਾ, ਬਾਬਾ ਮੁਖਤਿਆਰ ਸਿੰਘ ਜੀ ਭਾਈ ਪ੍ਰੀਤਮ ਸਿੰਘ ਜੀ, ਨਾਲ ਕਈ ਵਾਰ ਕਨੇਡਾ, ਇੰਗਲੈਂਡ, ਅਮਰੀਕਾ, ਆਦਿ ਦੇਸ਼ਾਂ ਵਿਚ ਕੀਰਤਨ ਪ੍ਰਚਾਰ ਕਰਨ ਹਿੱਤ ਗਏ।

ਵਿਦੇਸ਼ਾਂ ਦੀਆਂ ਸਿੱਖ ਸੰਗਤਾਂ ਨੇ ਆਪ ਨੂੰ ਬਹੁਤ ਮਾਨ ਸਨਮਾਨ, ਪਿਆਰ ਸਤਿਕਾਰ ਬਖਸ਼ਿਆ।

ਸ. ਗੁਰਬਖਸ਼ ਸਿੰਘ ਮੱਲੀ ਐਮ.ਡੀ. ਕਨੇਡਾ ਨੇ ਆਪ ਜੀ ਨੂੰ ਸਨਮਾਨਿਤ ਕੀਤਾ।

ਗ. ਸਿੱਖ ਟੈਂਪਲ ਸੈਕਰਾਮੈਂਟੋ ਅਮਰੀਕਾ, ਗ. ਨਾਨਕਸਰ ਸਾਊਥੈਂਪਟਨ ਯੂ. ਕੇ. ਅਤੇ ਗੁ. ਦਸ਼ਮੇਸ਼ ਦਰਬਾਰ ਵੈਨਕੂਵਰ ਦੀਆਂ ਸੰਗਤਾਂ ਵੱਲੋਂ ਵੀ ਸਨਮਾਨਿਤ ਕੀਤਾ ਗਿਆ।

ਭਾਈ ਦਰਸ਼ਨ ਸਿੰਘ ਜੀ ਸ਼ੁੱਧ ਕੀਰਤਨ ਪ੍ਰੰਪਰਾ ਅਨੁਸਾਰ ਕੀਰਤਨ ਕਰਨ ਵਾਲੇ ਕੀਰਤਨੀਆਂ ਨੂੰ ਜ਼ਿਆਦਾ ਪਸੰਦ ਕਰਦੇ ਹਨ।

ਮਧੁਰ ਕੀਰਤਨੀਏ ਸ਼੍ਰੋਮਣੀ ਰਾਗੀ ਸ੍ਰ. ਭਾਈ ਉਤਮ ਸਿੰਘ ਜੀ ਪਤੰਗ ਹੁਰਾਂ ਦਾ ਕੀਰਤਨ ਇਨ੍ਹਾਂ ਨੂੰ ਬਹੁਤ

ਚੰਗਾ ਲੱਗਦਾ ਸੀ। ਪਤੰਗ ਸਾਹਿਬ ਨਾਲ ਸਾਇਡ ਤੇ ਭਾਈ ਅਮੀਰ ਸਿੰਘ ਹੁੰਦੇ ਸਨ। ਉਨ੍ਹਾਂ ਨੂੰ ਮਿਲਨ ਫਤਹਿਗੜ੍ਹ ਸਾਹਿਬ ਆਪ ਜਾਂਦੇ ਰਹਿੰਦੇ ਸਨ। ਪਤੰਗ ਸਾਹਿਬ ਜੀ ਨਾਲ ਬਚਨ ਬਿਲਾਸ ਹੁੰਦੇ ਰਹਿੰਦੇ ਤੇ ਰਸ ਭਿੰਨਾ ਕੀਰਤਨ ਸੁਣਨ ਦਾ ਅਵਸਰ ਮਿਲਦਾ ਰਹਿੰਦਾ ਸੀ।

ਅਜੋਕੇ ਕੀਰਤਨੀਆਂ ਵਿਚੋਂ ਆਪ ਸ਼੍ਰੋਮਣੀ ਰਾਗੀ ਭਾਈ ਬਲਬੀਰ ਸਿੰਘ ਜੀ, ਭਾਈ ਗੁਰਮੇਜ ਸਿੰਘ ਅਤੇ ਡਾ. ਜਗੀਰ ਸਿੰਘ ਹੁਰਾਂ ਦੇ ਕੀਰਤਨ ਤੋਂ ਪ੍ਰਭਾਵਿਤ ਹਨ।

ਅਜੋਕੇ ਕੀਰਤਨੀਆਂ ਨੂੰ ਨਿਮਰਤਾ ਸਾਹਿਤ ਬੇਨਤੀ ਕਰਦੇ ਹਨ ਕਿ ਉਹ ਵੀ ਉਪਰੋਕਤ ਕੀਰਤਨੀਆਂ ਵਾਂਗ ਕੀਰਤਨ ਵਿਰਸੇ ਦੀ ਸੰਭਾਲ ਕਰਨ ਫਿਲਮੀ ਟਿਊਨਾਂ ਤੋਂ ਗੁਰੇਜ ਕਰਨ।

ਭਾਈ ਦਰਸ਼ਨ ਸਿੰਘ ਜੀ ਅੱਜਕੱਲ ਦਾਸ ਅਵਤਾਰ ਸਿੰਘ 'ਹੰਸ' ਨਾਲ ਗ. ਸੰਤਪੁਰਾ ਸੰਗਰੂਰ ਵਿਖੇ ਸੇਵਾ ਕਰਦੇ ਹਨ।

# ਇਕ ਉਪਰਾਲਾ

**ਕਵਲਜੀਤ ਕੌਰ :** ਗੁਰੂ ਨਾਨਕ ਪਬਲਿਕ ਸਕੂਲ, ਸਰਾਭਾ ਨਗਰ, ਲੁਧਿਆਣਾ

ਪ੍ਰਮਾਤਮਾ ਵਲੋਂ ਬਣਾਈ ਇਹ ਸ੍ਰਿਸ਼ਟੀ ਗਿਆਨ ਦੇ ਅਧਾਰ ਤੇ ਹੀ ਟਿਕੀ ਹੋਈ ਹੈ। ਮਨੁੱਖ ਅੰਧਕਾਰ ਮਈ ਰਾਤ ਤੋਂ ਲੈ ਕੇ ਪ੍ਰਕਾਸ਼ਮਾਨ ਦਿਨ ਦਾ ਸਫਰ ਕੇਵਲ ਗਿਆਨ ਦੇ ਅਧਾਰ ਤੇ ਹੀ ਤੈਅ ਕਰਦਾ ਹੈ। ਕਿਸੇ ਵੀ ਚੀਜ਼ ਦੇ ਗਿਆਨ ਤੋਂ ਬਿਨਾਂ ਇਕ ਮਨੁੱਖ ਉਮਰ ਦਾ ਇਕ ਲੰਮਾ ਪੈਂਡਾਂ ਤੈਯ ਨਹੀਂ ਕਰ ਸਕਦਾ। ਹੁਣ ਉਹ ਗਿਆਨ ਕਿਸੇ ਵੀ ਵਿਸ਼ੇ ਨਾਲ ਸੰਬੰਧਿਤ ਹੋ ਸਕਦਾ ਹੈ। ਗਿਆਨ ਲੈਣ ਦੀ ਕੋਈ ਨਿਸ਼ਚਿਤ ਉਮਰ ਨਹੀਂ ਹੈ। ਅਜਿਹਾ ਇਕ ਗਿਆਨ ਹੈ ਸੰਗੀਤ ਨਾਲ ਸੰਬੰਧਿਤ ਗਿਆਨ। ਸੰਗੀਤ ਪ੍ਰਮਾਤਮਾ ਰਾਹੀਂ ਮਨੁੱਖ ਨੂੰ ਬਖਸ਼ਿਆ। ਇਕ ਅਜਿਹਾ ਵਰਦਾਨ ਹੈ ਜਿਹੜਾ ਸਾਨੂੰ ਸਾਡੀ ਜ਼ਿੰਦਗੀ ਦੀਆਂ ਚਿੰਤਾਵਾਂ ਨੂੰ ਭੁਲਾ ਕੇ ਮਾਨਸਿਕ ਸ਼ਾਂਤੀ ਪ੍ਰਦਾਨ ਕਰਦਾ ਹੈ। ਸੰਗੀਤ ਇਕ ਅਜਿਹਾ ਮਾਧਿਅਮ ਹੈ ਜਿਸਦੇ ਰਾਹੀਂ ਅਸੀਂ ਅਧਿਆਤਮਕ ਪੱਖੋਂ ਮਜਬੂਤ ਹੁੰਦੇ ਹਾਂ। ਸੰਗੀਤ ਪ੍ਰਮਾਤਮਾ ਨੂੰ ਪ੍ਰਾਪਤ ਕਰਨ ਦਾ ਸਭ ਤੋਂ ਸੌਖਾ ਰਾਹ ਹੈ। ਗੁਰਬਾਣੀ ਕੀਰਤਨ ਮਨੁੱਖ ਦੇ ਹਿਰਦੇ ਨੂੰ ਨਿਰਮਲ ਕਰਦਾ ਹੋਇਆ ਉਸਨੂੰ ਅਨੰਦਿਤ ਕਰਕੇ ਸਦਗੁਣ ਗ੍ਰਹਿਣ ਕਰਨ ਦੇ ਯੋਗ ਬਣਾਉਂਦਾ ਹੈ। ਕੀਰਤਨ ਗਾਉਣ, ਸਿਖਾਉਣ ਦੀ ਜੋ ਪਰੰਪਰਾ ਜੋ ਗੁਰੂ ਸਾਹਿਬਾਨ ਨੇ ਸ਼ੁਰੂ ਕੀਤੀ ਹੈ ਉਹ ਬੇਮਿਸਾਲ ਹੈ। ਸਾਡੇ ਆਲੇ-ਦੁਆਲੇ ਗੁਰਬਾਣੀ ਕੀਰਤਨ ਸਿਖਾਉਣ ਦਾ ਉਪਰਾਲਾ ਸਮੇਂ ਸਮੇਂ ਤੇ ਸੰਗੀਤਕ ਸੂਝਵਾਨ ਵਿਦਵਾਨਾਂ ਰਾਹੀਂ ਕੀਤਾ ਜਾਂਦਾ ਹੈ। ਗੁਰੂ ਸਾਹਿਬ ਦੀ ਅਪਾਰ ਬਖਸ਼ਿਸ਼ ਨਾਲ ਗੁਰਬਾਣੀ ਕੀਰਤਨ ਸਿਖਾਉਣ ਦਾ ਇਕ ਅਜਿਹਾ ਉਪਰਾਲਾ ਕੀਤਾ ਗਿਆ ਹੈ ਪ੍ਰੋ. ਹਰਮਿੰਦਰ ਕੌਰ ਜੀ ਵੱਲੋਂ। ਪ੍ਰੋ. ਹਰਮਿੰਦਰ ਕੌਰ ਜੀ (ਲੁਧਿਆਣਾ ਨਿਵਾਸੀ) ਮਾਸਟਰ ਤਾਰਾ ਸਿੰਘ ਕਾਲਜ (ਲੁਧਿਆਣਾ ਵਿਖੇ) ਸੰਗੀਤ ਵਿਭਾਗ ਦੇ ਮੁਖੀ ਹਨ। ਪ੍ਰੋ. ਸਾਹਿਬਾ ਸੰਗੀਤਕ ਖੇਤਰ ਦੇ ਬਹੁਤ ਹੀ ਸੂਝਵਾਨ ਗਿਆਤਾ ਹਨ। ਗੁਰੂ ਸਾਹਿਬ ਦੀ ਕ੍ਰਿਪਾ ਨਾਲ ਬਹੁਤ ਹੀ ਭਾਵਮਈ ਤੇ ਰਸਮਈ ਕੀਰਤਨ ਕਰਦੇ ਹਨ। *ਇਹਨਾਂ ਦੇ ਨਿਵਾਸ ਸਥਾਨ ਤੋਂ ਕੁਝ ਹੀ ਦੂਰੀ ਤੇ ਸਥਾਪਿਤ ਗੁਰਦੁਆਰਾ ਸਾਹਿਬ ਦੀ ਮੈਨਜਿੰਗ ਕਮੇਟੀ ਦੀ ਬੇਨਤੀ ਤੇ ਇਹਨਾਂ ਨੇ ਇਸ ਵਰ੍ਹੇ, ਗਰਮੀਆਂ ਦੀਆਂ ਛੁੱਟੀਆਂ ਵਿਚ ਇਨ੍ਹਾਂ ਨੇ ਗੁਰਦੁਆਰਾ ਸਾਹਿਬ ਵਿਖੇ ਬੱਚਿਆਂ ਨੂੰ ਗੁਰਬਾਣੀ ਕੀਰਤਨ ਸਿਖਾਉਣ ਦੀ ਸ਼ੁਰੂਆਤ ਕੀਤੀ। ਜੂਨ ਵਿਚ ਇਸ summer camp ਦੀ ਸ਼ੁਰੂਆਤ ਕੀਤੀ ਗਈ। ਜਦ ਪਹਿਲੇ ਦਿਨ ਦੀ ਸ਼ੁਰੂਆਤ ਹੋਈ ਤਾਂ ਬਹੁਤ ਹੀ ਘੱਟ ਬੱਚੇ ਸਨ। ਪ੍ਰੋ. ਸਾਹਿਬ ਨੇ ਪਹਿਲੇ ਦਿਨ ਆਸਾ ਰਾਗ ਤੇ ਤੀਨ ਤਾਲ ਵਿਚ ਨਿਬੰਧ ਸ਼ਬਦ 'ਦਰਸ਼ਨ ਮਾਗਓ ਦੇਹ ਪਿਆਰੇ' ਇਹ ਸ਼ਬਦ ਬੱਚਿਆਂ ਨੂੰ ਕਰਵਾਇਆ। ਬੱਚਿਆਂ ਨੇ ਇਹ ਸ਼ਬਦ ਬਹੁਤ ਹੀ ਅੱਛੇ ਢੰਗ ਨਾਲ ਇਸ ਸ਼ਬਦ ਨੂੰ ਗਾਇਆ। ਜਿਵੇਂ ਹੀ 2-3 ਬੀਤੇ ਆਲੇ ਦੁਆਲੇ ਦੀ ਸੰਗਤ ਨੂੰ ਜਦ ਪਤਾ ਲੱਗਿਆ ਕਿ ਇਸ ਸਥਾਨ ਵਿਖੇ ਰਾਗ ਬੱਧ ਕੀਰਤਨ ਸਿਖਾਇਆ ਜਾ ਰਿਹਾ ਹੈ ਤੇ ਹੌਲੀ ਹੌਲੀ ਬੱਚਿਆਂ ਦੀ ਸੰਖਿਆ ਵੱਧਣੀ ਸ਼ੁਰੂ ਹੋ ਗਈ। ਬੱਚੇ ਸਵੇਰੇ 9 ਵਜੇ ਗੁਰਦੁਆਰਾ ਸਾਹਿਬ ਵਿਖੇ ਪੁੱਜ ਜਾਂਦੇ। ਗੁਰੂ ਸਾਹਿਬ ਦੀ ਕ੍ਰਿਪਾ ਨਾਲ ਇਸ ਕੈਂਪ ਦੀ ਸਫਲਤਾ ਦਿਨ ਪ੍ਰਤੀ ਦਿਨ ਵੱਧਦੀ ਹੀ ਜਾ ਰਹੀ ਸੀ। ਗੁਰਬਾਣੀ ਸੰਗੀਤ ਸਿੱਖਣ ਲਈ ਕੇਵਲ ਬੱਚੇ ਹੀ ਨਹੀਂ ਬਲਕਿ ਵੱਡੀ ਉਮਰ ਦੀਆਂ ਬੀਬੀਆਂ ਨੇ ਵੀ ਪੁਲਾਂਘ ਪੁੱਟੀ ਤੇ ਸਭ ਤੋਂ ਹੈਰਾਨੀ ਦੀ ਗੱਲ ਇਹ ਸੀ ਕਿ ਇਨ੍ਹਾਂ ਸਾਰੇ ਵਿਦਿਆਰਥੀਆਂ ਵਿਚੋਂ ਇਕ 60 ਵਰ੍ਹੇ ਦੀ ਬੀਬੀ ਜੋ ਕਿ ਕੀਰਤਨ ਸਿੱਖਣ ਵਿਚ ਕਾਫੀ ਰੁਚੀ ਰੱਖਦੇ ਹਨ ਉਹਨਾਂ ਨੇ ਵੀ ਬੜੀ ਤਾਂਘ ਨਾਲ ਕੀਰਤਨ ਦੀ ਸਿੱਖਿਆ ਲਿੱਤੀ। ਸਵੇਰੇ 9 ਵਜੇ ਤੋਂ ਲੈ ਕੇ 11 ਵਜੇ ਤੱਕ ਪੂਰਾ ਮਹੀਨਾ ਰਾਗ ਵਿਚ ਨਿਬੰਧ ਕੀਰਤਨ ਬੱਚਿਆਂ ਨੂੰ ਸਿਖਾਇਆ ਗਿਆ। ਪ੍ਰੋ. ਸਾਹਿਬਾ ਨੇ ਆਸਾ ਰਾਗ (ਦਰਸ਼ਨ ਮਾਂਗਓ) ਤੀਨ ਤਾਲ ਮਲਹਾਰ ਰਾਗ (ਮੋਰ ਬਬੀਹੇ ਬੋਲਦੇ) ਤੀਨ ਤਾਲ ਭੈਰਵ ਰਾਗ (ਦੀਨ ਦੁਨਿਆ) ਤੀਨ ਤਾਲ 'ਮੀਠੀ ਆਗਿਆ ਪਿਰ ਕੀ ਲਾਗੀ' (ਕਹਰਵਾ ਤਾਲ) ਸਾਰੰਗ ਰਾਗ (ਬਿਨਤੀ ਕਰਨ ਜਨ ਆਇਓ ਤੀਨ ਤਾਲ) ਇਹ ਸ਼ਬਦ ਕਰਵਾਏ।

ਇਸ ਤੋਂ ਇਲਾਵਾ ਬੱਚਿਆਂ ਨੂੰ ਮੁੱਢਲੀ ਤਾਲਾਂ ਦੀ ਜਾਣਕਾਰੀ ਬੱਚਿਆਂ ਨੂੰ ਦਿੱਤੀ ਗਈ ਜਿਵੇਂ ਕਹਰਵਾ, ਦਾਦਰਾ, ਤੀਨ ਤਾਲ, ਏਕ ਤਾਲ। ਇਸ ਤੋਂ ਇਲਾਵਾ

ਪ੍ਰੋ. ਸਾਹਿਬਾ ਨੇ ਗੁਰਬਾਣੀ ਕੀਰਤਨ ਦੀ ਮਹੱਤਤਾ। ਕੀਰਤਨ ਦੀ ਵਡਿਆਈ ਤੇ ਆਪਣੇ ਮਹਾਨ ਗੁਰੂ ਸਾਹਿਬਾਂ ਦੀ ਬਾਣੀ ਦੇ ਅਰਥਾਂ ਰਾਹੀਂ ਬੱਚਿਆਂ ਨੂੰ ਜ਼ਿੰਦਗੀ ਵਿਚ ਇਕ ਸੁਚੱਜੇ ਰਾਹ ਤੇ ਚੱਲਣ ਦਾ ਰਾਹ ਸਮਝਾਇਆ। ਇਹ ਕੈਂਪ ਇੰਨੀ ਕਾਮਯਾਬੀ ਨਾਲ ਅੱਗੇ ਵੱਧ ਰਿਹਾ ਸੀ ਕਿ ਬੱਚਿਆਂ ਦੀ ਸੰਖਿਆ। 70 ਦੇ ਕਰੀਬ ਹੋ ਗਈ। ਜਦ ਇਹ ਕੀਰਤਨ ਸਿਖਾਉਣ ਦਾ ਕੈਂਪ ਆਪਣੇ ਮੁਕਾਮ ਵੱਲ ਸੀ ਤਾਂ ਬੱਚਿਆਂ ਨੂੰ ਜਿਹੜਾ ਰਾਗ ਬੱਧ ਕੀਰਤਨ ਸਿਖਾਇਆ ਗਿਆ ਉਹ ਸਾਰੇ ਸ਼ਬਦ ਬੱਚਿਆਂ ਨੇ ਗੁਰਦੁਆਰਾ ਸਾਹਿਬ ਦੀ ਸਟੇਜ ਤੇ ਗਾਏ। ਸਾਰੇ ਵਿਦਿਆਰਥੀਆਂ ਨੇ ਬੜੇ ਹੀ ਸੁਚੱਜੇ ਢੰਗ ਨਾਲ ਰਾਗ ਬੱਧ ਕੀਰਤਨ ਗਾਇਆ ਤੇ ਸਾਰੀ ਸੰਗਤ ਨੇ ਇਹ ਕੀਰਤਨ ਸੁਣ ਕੇ ਜੋ ਆਨੰਦ ਮਾਣਿਆ ਉਸ ਆਨੰਦਮਈ ਲਹਿਰ ਨੂੰ ਅਨੁਭਵ ਕੀਤਾ ਜਾ ਸਕਦਾ ਸੀ। ਕੀਰਤਨ ਤੋਂ ਬਾਅਦ ਵਿਦਿਆਰਥੀਆਂ ਦੀ ਹੌਸਲਾ ਅਫਜ਼ਾਈ ਲਈ ਪ੍ਰਮਾਣ-ਪੱਤਰ ਅਤੇ ਮੈਡਲ ਦਿੱਤੇ ਗਏ। ਅਤੇ ਪੂਰੇ ਮਹੀਨੇ ਵਿਚ ਪ੍ਰੋ. ਸਾਹਿਬਾ ਦੇ ਉਪਰਾਲੇ ਸਕਦੇ ਰਾਗ ਨਾਲ ਭਰਪੂਰ ਕੀਰਤਨ ਸਿੱਖਣ ਦਾ ਮੌਕਾ ਵਿਦਿਆਰਥੀਆਂ ਨੂੰ ਮਿਲਿਆ। ਉਨ੍ਹਾਂ ਦੇ ਇਸ ਉਪਰਾਲੇ ਦੀ ਤਾਰੀਫ ਸਾਰੀ ਸੰਗਤ ਨੇ ਕੀਤੀ। ਇਹ ਕੀਰਤਨ ਕੈਂਪ ਬੜੀ ਹੀ ਕਾਮਯਾਬੀ ਵਾਲਾ ਰਿਹਾ ਜੇ ਸਾਰੇ ਸਾਡੇ ਸੰਗੀਤ ਨਾਲ ਜੁੜੇ ਵਿਦਵਾਨਾਂ ਰਾਹੀਂ ਅਜਿਹੇ ਉਪਰਾਲੇ ਕੀਤੇ ਜਾਣ ਤਾਂ ਸਾਡੀ ਆਉਣ ਵਾਲੀ ਪੀੜ੍ਹੀ ਜਿਹੜੀ ਕਿ ਗੁਰਬਾਣੀ ਕੀਰਤਨ ਤੋਂ ਕੈਸੇ ਦੂਰ ਹੁੰਦੀ ਜਾ ਰਹੀ ਹੈ ਤੇ ਉਹਨਾਂ ਨੂੰ ਗੁਰੂ ਸਾਹਿਬਾਂ ਦੁਆਰਾ ਲਿਖੀ ਹੋਈ ਬਾਣੀ ਸੁਨਣ ਗਾਉਣ ਵਿਚ ਵਧੇਰੇ ਰੁਚੀ ਨਹੀ ਹੈ ਇਸ ਲਈ ਆਉਣ ਵਾਲੀ ਪੀੜ੍ਹੀ ਲਈ ਅਜਿਹੇ ਉਪਰਾਲਿਆਂ ਦੀ ਬਹੁਤ ਜ਼ਰੂਰਤ ਹੈ ਤਾਂ ਕਿ ਅਸੀਂ ਵਰਤਮਾਨ ਤੇ ਭਵਿੱਖ ਲਈ ਅੱਛੇ ਸਮਾਜ ਦੀ ਸਿਰਜਨਾ ਕਰ ਸਕੀਏ। ਆਪਣੇ ਸਿੱਖ ਸਮਾਜ ਨੂੰ ਗੁਰੂ ਸਾਹਿਬਾਨ ਦੀ ਮਹੱਤਤਾ, ਕੀਰਤਨ ਦੀ ਵਡਿਆਈ ਤੇ ਗੁਰੂ ਸਾਹਿਬਾਨਾਂ ਦੇ ਦੱਸੇ ਹੋਏ ਰਾਹ ਤੋਂ ਜਾਣੂ ਕਰਵਾ ਸਕੀਏ। ਕਿਉਂਕਿ ਕੀਰਤਨ ਇਕ ਨਿਰਮੋਲਕ ਹੀਰਾ ਹੈ ਜੋ ਮਨੁੱਖ ਮਾਤਰ ਦੀ ਤ੍ਰਿਸ਼ਨਾ, ਅਗਨੀ ਨੂੰ ਸ਼ਾਂਤ ਕਰਕੇ ਦੈਵੀ ਗੁਣਾਂ ਵਾਲੀ ਅਨੰਦਮਈ ਜ਼ਿੰਦਗੀ ਪ੍ਰਦਾਨ ਕਰਦਾ ਹੈ। ਗੁਰੂ ਅਰਜਨ ਦੇਵ ਜੀ ਨੇ ਵੀ ਕਿਹਾ ਹੈ ਕਿ 'ਕਲਜੁਗ ਮਹਿ ਕੀਰਤਨ ਪਰਧਾਨਾ'। ਇਸ ਲਈ ਗੁਰੂ ਸਾਹਿਬਾਨਾਂ ਨੇ ਬਾਣੀ ਨੂੰ ਬਾਰ ਬਾਰ ਗਾਉਣ ਦੀ ਤਾਕੀਦ ਕੀਤੀ ਹੈ।

***ਆਵਹੁ ਸਿਖ ਸਤਿਗੁਰ ਕੇ ਪਿਆਰਹੋ***
***ਗਾਵਹੁ ਸਾਚੀ ਬਾਣੀ॥***

ਸਿੱਖ ਬੱਚੇ-ਬੱਚੀਆਂ ਨੂੰ ਫਿਲਮੀ ਧੁਨਾਂ ਵਾਲੇ ਸਤਹੀ ਜਿਹੇ ਗਾਇਨ ਤੋਂ ਹਟਾ ਕੇ ਗੁਰਮਤਿ ਸੰਗੀਤ ਦੇ ਅਧਾਰਿਤ ਕੀਰਤਨ ਕਰਨ ਦੀ ਰਵਾਇਤ ਉੱਤੇ ਤੋਰਨ ਦੀ ਲੋੜ ਹੈ ਤੇ ਅਜਿਹਾ ਹੀ ਉਪਰਾਲਾ ਜੋ ਸਤਿਕਾਰ ਯੋਗ ਪ੍ਰੋ. ਹਰਮਿੰਦਰ ਕੌਰ ਜੀ ਵੱਲੋਂ ਕੀਤਾ ਗਿਆ ਹੈ ਉਹ ਬਹੁਤ ਹੀ ਸ਼ਲਾਘਾ ਯੋਗ ਹੈ। ਪ੍ਰਮਾਤਮਾ ਪ੍ਰੋ. ਜੀ ਹੋਰਾਂ ਨੂੰ ਅੱਗੋਂ ਵੀ ਅਜਿਹੇ ਉਪਰਾਲੇ ਕਰਨ ਦੀ ਗੁਰੂ ਘਰ ਦੀ ਸੇਵਾ ਕਰਨ ਦਾ ਉੱਦਮ, ਉਤਸ਼ਾਹ ਤੇ ਬਲ ਬਖਸ਼ਦੇ ਰਹਿਣ।

*ਇਹਨਾਂ ਦੀ ਸਿਸ਼ਯ ਹੋਣ ਦੇ ਨਾਤੇ ਇਹਨਾਂ ਨੇ ਪਹਿਲੇ ਦਿਨ ਤੋਂ ਹੀ ਬੱਚਿਆਂ ਨੂੰ ਕੀਰਤਨ ਸਿਖਾਉਣ ਲਈ ਮੈਨੂੰ ਵੀ ਆਪਣੇ ਨਾਲ ਰੱਖਦੇ ਹੋਏ ਇਹ ਸੇਵਾ ਕਰਨ ਦਾ ਮੌਕਾ ਦਿੱਤਾ। ਤੇ ਸਮੇ-ਸਮੇ ਤੇ ਮੈਡਮ ਸੁਖਵਿੰਦਰ ਕੌਰ ਜੀ ਹੋਰਾਂ ਨੇ (ਸੰਗੀਤ ਅਧਿਆਪਕ, ਜੀ.ਜੀ.ਐਨ ਪਬਲਿਕ ਸਕੂਲ) ਇਹਨਾਂ ਨੇ ਵੀ ਸਾਥ ਦਿੱਤਾ।

# ਸੁਰ ਲਿਪੀਆਂ

ਭਾਈ ਕਸ਼ਮੀਰ ਸਿੰਘ : 1612, ਫੇਜ਼ 7, ਮੁਹਾਲੀ

*ਰਾਗੁ ਦੇਵਗੰਧਾਰੀ*

**ਥਾਟ:** ਭੈਰਵ **ਵਾਦੀ:** ਮ, **ਸੰਵਾਦੀ:** ਸ, ਆਰੋਹ ਵਿਚ ਗ ਤੇ ਨੀ ਵਰਜਿਤ, ਧ ਦੋਨੋਂ।
**ਜਾਤੀ:** ਔੜਵ-ਸੰਪੂਰਨ **ਸਮਾਂ:** ਦਿਨ ਦਾ ਪਹਿਲਾ ਪਹਿਰ।
**ਆਰੋਹ:** ਸ ਰੇ ਮ ਪ ਧ ਸਂ। **ਅਵਰੋਹ:** ਸਂ ਨੀ ਧ ਪ, ਧੁ ਪ ਮ, ਗ ਰੇ ਸ।
**ਪਕੜ:** ਮ, ਪ ਧੁ, ਪ ਮ, ਗ, ਸ ਰੇ ਮ।

ਤੀਨ ਤਾਲ

| 1 | 2 | 3 | 4 | 5 | 6 | 7 | 8 | 9 | 10 | 11 | 12 | 13 | 14 | 15 | 16 |
|---|---|---|---|---|---|---|---|---|---|---|---|---|---|---|---|
| x | | | | 2 | | | | 0 | | | | 3 | | | |
| **ਸਥਾਈ** | | | | | | | | ਸ | ਧੁ | ਧੁ | ਧੁ | ਪ | ਪ | ਪ | ਧੁ |
| | | | | | | | | *ਮੇ* | *ऽ* | *ਰੋ* | *ਸੁੰ* | *ਦ* | *ਰੁ* | *ਕ* | *ਹਹੁ* |
| ਮ | ਗ | ਰੇਗ | ਸ | ਰੇ | ਮ | ਮ | – | ਮ | ਮ | ਮ | – | ਗੇਮ | ਪਧੁ | ਪ | ਮ |
| *ਮਿ* | *ਲੈ* | *ਕਿऽ* | *ਤੁ* | *ਗ* | *ऽ* | *ਲੀ* | *ऽ* | *ਹ* | *ਰਿ* | *ਕੇ* | *ऽ* | *ਸੰऽ* | *ऽऽ* | *ਤ* | *ਬ* |
| ਗ | ਰੇ | ਮਗ | ਗੇਸ | ਮ | ਗ | ਰੇ | ਸ | ਰੇ | ਰੇ | ਮ | ਮ | ਪ | – | ਧ | ਨੀ |
| *ਤਾ* | *ऽ* | *ਵऽ* | *ਹੁऽ* | *ਮਾ* | *ऽ* | *ਰ* | *ਗੁ* | *ਹ* | *ਮ* | *ਪੀ* | *ਛੈ* | *ਲਾ* | *ऽ* | *ਗ* | *ਚ* |
| ਸਰੇਂ | ਸਂਨੀ | ਧਪ | ਧੁਪ | ਮਪ | ਧੁਪ | ਮਗ | ਗੇਸ | | | | | | | | |
| *ਲੀऽ* | *ऽऽ* | *ऽऽ* | *ऽऽ* | *ऽऽ* | *ऽऽ* | *ऽऽ* | *ऽऽ* | | | | | | | | |
| **ਅੰਤਰਾ** | | | | | | | | ਪ | ਪ | ਪ | ਧ | ਸਂ | ਸਂ | ਸਂ | ਸਂ |
| | | | | | | | | *ਪ੍ਰਿ* | *ਅ* | *ਕੇ* | *ऽ* | *ਬ* | *ਚ* | *ਨ* | *ਸੁ* |
| ਰੇਂ | ਸਂ | ਰੇਂ | ਗਂ | ਰੇਂ | ਸਂ | ਨੀ | ਧ | ਸਂ | – | ਰੇਂ | ਮਂ | ਗਂ | ਰੇਂ | ਸਂ | ਨੀ |
| *ਖਾ* | *ऽ* | *ਨੇ* | *ऽ* | *ਹੀ* | *ਅ* | *ਰੈ* | *ऽ* | *ਇ* | *ऽ* | *ਹ* | *ऽ* | *ਚਾ* | *ऽ* | *ਲ* | *ਬ* |
| ਰੇਂ | ਸਂ | ਨੀ | ਧ | ਪ | ਧੁ | ਪ | ਮ | ਮ | ਮ | ਮ | – | ਗੇਮ | ਪਧੁ | ਪ | ਮ |
| *ਨੀ* | *ऽ* | *ਹੈ* | *ऽ* | *ਭ* | *ऽ* | *ਲੀ* | *ऽ* | *ਲ* | *ਟੁ* | *ਗੀ* | *ऽ* | *ਮऽ* | *ਧੁऽ* | *ਗੀ* | *ऽ* |
| ਗ | ਰੇ | ਗਮ | ਗੇਸ | ਮ | ਗ | ਰੇ | ਸ | ਰੇ | ਰੇ | ਮ | ਮਮ | –ਪ | ਪ– | ਪਧ | ਨੀ |
| *ਠਾ* | *ऽ* | *ਕੁऽ* | *ਰऽ* | *ਭਾ* | *ऽ* | *ਈ* | *ऽ* | *ਓ* | *ਹ* | *ਸੁੰ* | *ਦਰਿ* | *ਹ* | *ਰਿ* | *ਫੂਲ* | *ਮਿ* |
| ਸਰੇਂ | ਸਂਨੀ | ਧਪ | ਧੁਪ | ਮਪ | ਧੁਪ | ਮਗ | ਗੇਸ | | | | | | | | |
| *ਲੀऽ* | *ऽऽ* | *ऽऽ* | *ऽऽ* | *ऽऽ* | *ऽऽ* | *ऽऽ* | *ऽऽ* | | | | | | | | |

ਇਕ ਤਾਲ ਮਧ ਲਯ

| 1 | 2 | 3 | 4 | 5 | 6 | 7 | 8 | 9 | 10 | 11 | 12 |
|---|---|---|---|---|---|---|---|---|---|---|---|
| x | | 0 | | 2 | | 0 | | 3 | | 4 | |
| **ਸਥਾਈ** | | | | | | | | | | | |
| ਸਸ | ਧ਼ | ਧ਼ | ਪ | ਪ | ਧ਼ਪ | ਮਗ | ਰੇਗ | ਸਰੇ | ਮ | – | ਮ |
| ਅਬ | ਹ | ਮ | ਚ | ਲੀ | ਠਾਂਡ | ਕੁਰ | ਪਹਿ | ਡਡ | ਹਾ | ਡ | ਰਿ |
| ਮਮ | ਮ | ਮ | ਰੇਮ | ਪਧ | ਪਮ | ਗਰੇ | ਮਗ | ਰੇਸ | ਗਰੇ | ਸ | – |
| ਜਬ | ਹ | ਮ | ਸੁਰ | ਣਡ | ਪੂਡ | ਭੂਡ | ਕੀਡ | ਡਡ | ਆਡ | ਈ | ਡ |
| ਰੇ | ਮ | ਮ | ਪ | ਧ | ਪ | ਧਰੇਂ | ਸੰਨੀ | ਧਪ | ਧ਼ਪ | ਮਗ | ਰੇਸ |
| ਰਾ | ਖੁ | ਪੂ | ਭੂ | ਭਾ | ਵੈ | ਮਾਡ | ਡਡ | ਡਡ | ਰਡ | ਡਡ | ਡਡ |
| **ਅੰਤਰਾ** | | | | | | | | | | | |
| ਪ | ਪ | ਧ | ਸਂ | – | ਸਂਸਂ | ਰੇਂਸਂ | ਰੇਂਗਂ | ਰੇਂਸਂ | ਨੀਧ | ਨੀਧ | ਪ |
| ਲੌ | ਕ | ਨ | ਕੀ | ਡ | ਚਤੁ | ਰਾਡ | ਈਡ | ਡਡ | ਊਪ | ਮਡ | ਡ |
| ਸਂ | ਰੇਂ | ਮਂ | ਗਂ | ਰੇਂ | ਸਂ | ਨੀ | ਧ | ਪ | ਧ਼ | ਪ | ਮਮ |
| ਤੇ | ਡ | ਬੈ | ਸੰ | ਤ | ਰਿ | ਜਾ | ਡ | ਡ | ਰਿ | ਡ | ਕੋਈ |
| ਮ | ਮ | ਮ | ਰੇਮ | ਪਧ | ਪਮ | ਗਰੇ | ਮਗ | ਰੇਸ | ਗਰੇ | ਸ | ਸਸ |
| ਭ | ਲਾ | ਕ | ਹਉ | ਭਾਡ | ਵੇਂਡ | ਬੁਡ | ਰਾਡ | ਕਹ | ਹਉ | ਡ | ਹਮ |
| ਰੇ | ਮ | ਮ | ਪ | ਧ | ਪ | ਧਰੇਂ | ਸੰਨੀ | ਧ਼ਪ | ਧਪ | ਮਗ | ਰੇਸ |
| ਤ | ਨ | ਈ | ਓ | ਹੈ | ਡ | ਢਾਡ | ਡਡ | ਡਡ | ਰਿਡ | ਡਡ | ਡਡ |

## ਸੁਰ-ਲਿਪੀ ਵਾਲੇ ਸ਼ਬਦਾਂ ਦੇ ਅਰਥ

ਮਨਮੋਹਨ ਸਿੰਘ

| ਦੇਵ ਗੰਧਾਰੀ ॥ | **Dev Gandhari.** | ਦੇਵ ਗੰਧਾਰੀ। |
|---|---|---|
| ਮੇਰੋ ਸੁੰਦਰੁ ਕਹਹੁ ਮਿਲੈ ਕਿਤੁ ਗਲੀ ॥ | Tell me, in what lane, shall I find my beauteous Lord? | ਮੈਨੂੰ ਦਸ, ਕਿ ਕਿਹੜੇ ਕੂਚੇ ਵਿਚ ਮੈਨੂੰ ਮੇਰਾ ਸੁਹਣਾ ਸੁਆਮੀ ਮਿਲੂਗਾ ? |
| ਹਰਿ ਕੇ ਸੰਤ ਬਤਾਵਹੁ ਮਾਰਗੁ ਹਮ ਪੀਛੈ ਲਾਗਿ ਚਲੀ ॥੧॥ | O saints of God, show me the way I should follow. | ਹੇ ਵਾਹਿਗੁਰੂ ਦੇ ਸਾਧੂਓ! ਮੈਨੂੰ ਰਸਤਾ ਦਿਖਾਓ ਜਿਸ ਮਗਰ ਮੈਂ ਤੁਰੀ ਜਾਵਾਂ। |
| ਰਹਾਉ ॥ | Pause. | ਠਹਿਰਾਉ। |
| ਪ੍ਰਿਅ ਕੇ ਬਚਨ ਸੁਖਾਨੇ ਹੀਅਰੈ ਇਹ ਚਾਲ ਬਨੀ ਹੈ ਭਲੀ ॥ | The words of my beloved are pleasing to my mind. Good is this custom, which has been established. | ਮੇਰੇ ਪ੍ਰੀਤਮ ਦੇ ਬਚਨ ਬਿਲਾਸ ਮੈਂਡੇ ਮਨ ਨੂੰ ਚੰਗੇ ਲਗਦੇ ਹਨ। ਸ੍ਰੇਸ਼ਟ ਹੈ ਇਹ ਰੀਤ, ਜੋ ਕਾਇਮ ਹੋ ਗਈ ਹੈ। |

| | | |
|---|---|---|
| ਲਟੁਗੀ ਮਧੁਗੀ ਠਾਕੁਰ ਭਾਈ ਓਹ ਸੁੰਦਰਿ ਹਰਿ ਢੁਲਿ ਮਿਲੀ ॥੧॥ | Thou hunch-backed and small statured, if she is liked by, her Lord, she becomes beautiful and melting down meets the Master. | ਕੁੱਬੀ ਤੇ ਨਿਕੜੀ ਜਿਹੀ ਹੋਣ ਦੇ ਬਾਵਜੂਦ, ਜੇਕਰ ਉਹ ਆਪਣੇ ਸਾਹਿਬ ਨੂੰ ਚੰਗੀ ਲਗਦੀ ਹੈ, ਉਹ ਸੁਹਣੀ ਹੋ ਜਾਂਦੀ ਹੈ ਅਤੇ ਮੋਮ ਹੋ ਕੇ ਮਾਲਕ ਨੂੰ ਮਿਲ ਪੈਂਦੀ ਹੈ। |
| ਏਕੋ ਪ੍ਰਿਉ ਸਖੀਆ ਸਭ ਪ੍ਰਿਅ ਕੀ ਜੋ ਭਾਵੈ ਪਿਰ ਸਾ ਭਲੀ ॥ | There is but one beloved and all are Beloved's brides she, who pleases the Spouse, is good. | ਪ੍ਰੀਤਮ ਕੇਵਲ ਇਕੋ ਹੀ ਹੈ ਅਤੇ ਸਾਰੀਆਂ ਪ੍ਰੀਤਮ ਦੀਆਂ ਪਤਨੀਆਂ ਹਨ, ਜਿਹੜੀ ਪਤੀ ਨੂੰ ਚੰਗੀ ਲਗਦੀ ਹੈ, ਉਹੀ ਸ੍ਰੇਸ਼ਟ ਹੈ। |
| ਨਾਨਕੁ ਗਰੀਬੁ ਕਿਆ ਕਰੈ ਬਿਚਾਰਾ ਹਰਿ ਭਾਵੈ ਤਿਤੁ ਰਾਹਿ ਚਲੀ ॥੨॥੨॥ | What can poor and helpless Nanak do? He walks in the way, which pleases God. | ਕੰਗਲਾ ਅਤੇ ਨਿਹਬਲ ਨਾਨਕ ਕੀ ਕਰ ਸਕਦਾ ਹੈ ? ਉਹ ਉਸ ਰਸਤੇ ਟੁਰਦਾ ਹੈ, ਜੋ ਵਾਹਿਗੁਰੂ ਨੂੰ ਚੰਗਾ ਲਗਦਾ ਹੈ। |
| **ਦੇਵ ਗੰਧਾਰੀ ॥** | **Dev Gandhari.** | **ਦੇਵ ਗੰਧਾਰੀ।** |
| ਅਬ ਹਮ ਚਲੀ ਠਾਕੁਰ ਪਹਿ ਹਾਰਿ ॥ | I have now come weary to my Master. | ਮੈਂ ਹੁਣ ਹਾਰ ਹੁਟ ਕੇ ਆਪਣੇ ਮਾਲਕ ਕੋਲ ਆ ਗਈ ਹਾਂ। |
| ਜਬ ਹਮ ਸਰਣਿ ਪ੍ਰਭੂ ਕੀ ਆਈ ਰਾਖੁ ਪ੍ਰਭੂ ਭਾਵੈ ਮਾਰਿ ॥੧॥ | Now that I have sought Thine protection, O my Lord Master, save me or else slay me. | ਹੁਣ ਜਦ ਮੈਂ ਤੇਰੀ ਪਨਾਹ ਲੈ ਲਈ ਹੈ, ਹੇ ਮੇਰੇ ਸੁਆਮੀ ਮਾਲਕ ! ਮੇਰੀ ਰਖਿਆ ਕਰ ਜਾਂ ਨਹੀਂ ਤਾਂ ਮੈਨੂੰ ਮਾਰ ਸੁਟ। |
| ਰਹਾਉ ॥ | Pause. | ਠਹਿਰਾਉ। |
| ਲੋਕਨ ਕੀ ਚਤੁਰਾਈ ਉਪਮਾ ਤੇ ਬੈਸੰਤਰਿ ਜਾਰਿ ॥ | Men's artifices and praises, them I have burnt in fire. | ਲੋਕਾਂ ਦੀਆਂ ਚਤੁਰਵਿਧੀਆਂ ਅਤੇ ਸਿਫ਼ਤ-ਸ਼ਲਾਘਾਂ ਉਨ੍ਹਾਂ ਨੂੰ ਮੈਂ ਅੱਗ ਵਿਚ ਸਾੜ ਸੁਟਿਆ ਹੈ। |
| ਕੋਈ ਭਲਾ ਕਹਉ ਭਾਵੈ ਬੁਰਾ ਕਹਉ ਹਮ ਤਨੁ ਦੀਓ ਹੈ ਢਾਰਿ ॥੧॥ | Whether some one speaks well or speaks ill of me, I have surrendered my body unto Thee. | ਕੋਈ ਜਣਾ ਮੈਨੂੰ ਚੰਗਾ ਆਖੇ ਜਾਂ ਮੰਦਾ ਆਖੇ, ਮੈਂ ਆਪਣੀ ਦੇਹ ਤੇਰੀ ਭੇਟਾ ਕਰ ਦਿੱਤੀ ਹੈ। |
| ਜੋ ਆਵਤ ਸਰਣਿ ਠਾਕੁਰ ਪ੍ਰਭੁ ਤੁਮਰੀ ਤਿਸੁ ਰਾਖਹੁ ਕਿਰਪਾ ਧਾਰਿ ॥ | My Lord Master, who seeks refuge in Thee; mercifully do Thou preserve him. | ਮੇਰੇ ਸੁਆਮੀ ਮਾਲਕ ! ਜੋ ਕੋਈ ਤੇਰੀ ਪਨਾਹ ਲੈਂਦਾ ਹੈ, ਮਿਹਰਬਾਨੀ ਕਰ ਕੇ, ਤੂੰ ਉਸ ਦੀ ਰੱਖਿਆ ਕਰ। |
| ਜਨ ਨਾਨਕ ਸਰਣਿ ਤੁਮਾਰੀ ਹਰਿ ਜੀਉ ਰਾਖਹੁ ਲਾਜ ਮੁਰਾਰਿ ॥੨॥੪॥ | Slave Nanak has entered Thy sanctuary, O Venerable God, the killer of Mur demon, preserve Thou his honour. | ਗੋਲੇ ਨਾਨਕ ਨੇ ਤੇਰੀ ਸ਼ਰਨਾਗਤ ਸੰਭਾਲੀ ਹੈ, ਹੇ ਮੁਰ ਰਾਖਸ਼ ਨੂੰ ਮਾਰਨ ਵਾਲੇ ! ਮਾਣਨੀਯ ਵਾਹਿਗੁਰੂ ! ਤੂੰ ਉਸ ਦੀ ਪਤ ਆਬਰੂ ਬਰਕਰਾਰ ਰੱਖ। |